FRI 18 JUNE 2021 | VOLUME: 01 / ISSUE: 206 / PAGES: 04 / PRICE: 5:00 INR | www.worldpunjabinews.com 01

World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਮਿਸ਼ਨ-2022: ਕੈਪਟਨ ਨੇ ਤਿਆਰੀ ਵਿੱਢੀ

## ਸਾਰੇ ਵਜ਼ੀਰਾਂ ਦੀ ਹਾਜ਼ਰੀ ਤੋਂ ਬਾਗ਼ੀ ਸੁਰ ਮੱਠੇ ਪੈਣ ਦੇ ਸੰਕੇਤ, ਕੈਬਨਿਟ ਮੀਟਿੰਗ ਅੱਜ



**ਚੰਡੀਗੜ੍ਹ।** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 'ਮਿਸ਼ਨ-2022' ਦੀ ਤਿਆਰੀ ਲਈ ਸੱਦੀ ਅਹਿਮ ਮੀਟਿੰਗ 'ਚ ਸਮੁੱਚੀ ਵਜ਼ਾਰਤ ਦੀ ਸ਼ਮੂਲੀਅਤ ਨੇ ਪਾਰਟੀ ਅੰਦਰਲੇ ਬਾਗ਼ੀ ਸੁਰਾਂ ਦੇ ਮੱਠਾ ਪੈਣ ਵੱਲ ਇਸ਼ਾਰਾ ਕੀਤਾ ਹੈ। ਮੁੱਖ ਮੰਤਰੀ ਨੇ ਅੱਜ ਇੱਥੇ ਆਪਣੀ ਸਰਕਾਰੀ ਰਿਹਾਇਸ਼ 'ਤੇ ਵਜ਼ੀਰਾਂ ਨੂੰ ਵਿਚਾਰ-ਵਟਾਂਦਰੇ ਲਈ ਸੱਦਿਆ ਸੀ। ਉਨ੍ਹਾਂ ਦੋ ਸ਼ਿਫ਼ਟਾਂ 'ਚ ਮੰਤਰੀਆਂ ਨਾਲ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਹੁਣ ਸਿਸਵਾਂ ਫਾਰਮ ਹਾਊਸ ਦੀ ਥਾਂ ਆਪਣੀ ਸੈਕਟਰ 2 ਵਿਚਲੀ ਸਰਕਾਰੀ ਰਿਹਾਇਸ਼ ਤੋਂ ਕੰਮ ਕਰਨਾ ਸ਼ੁਰੂ ਕੀਤਾ ਹੈ।ਸੂਤਰਾਂ ਅਨੁਸਾਰ ਮੁੱਖ ਮੰਤਰੀ ਨਾਲ ਹੋਈ ਪਹਿਲੀ ਮੀਟਿੰਗ ਵਿਚ ਮਨਪ੍ਰੀਤ ਬਾਦਲ, ਬ੍ਰਹਮ ਮਹਿੰ-ਦਰਾ, ਸੁਖਜਿੰਦਰ ਸਿੰਘ ਰੰਧਾਵਾ, ਬਲਬੀਰ ਸਿੰਘ ਸਿੱਧੂ, ਸੁਖਬਿੰਦਰ ਸਿੰਘ ਸੁਖਸਰਕਾਰੀਆ, ਚਰਨਜੀਤ ਸਿੰਘ ਚੰਨੀ, ਗੁਰਪ੍ਰੀਤ ਸਿੰਘ ਕਾਂਗੜ ਆਦਿ ਸ਼ਾਮਲ ਸਨ। ਦੂਸਰੀ ਮੀਟਿੰਗ ਵਿਚ ਬਾਕੀ ਵਜ਼ੀਰ ਸ਼ਾਮਲ ਹੋਏ। ਇਨ੍ਹਾਂ ਮੀਟਿੰਗਾਂ ਤੋਂ ਸੰਕੇਤ ਮਿਲੇ ਹਨ ਕਿ ਅਕਾਲੀ-ਬਸਪਾ ਗੱਠਜੋੜ ਬਣਨ ਮਗਰੋਂ ਕਾਂਗਰਸ ਸਰਕਾਰ ਨੇ ਅਗਲੀਆਂ ਚੋਣਾਂ ਦੀ ਤਿਆਰੀ ਲਈ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਰੂਪ ਦੇਣ ਲਈ ਤਿਆਰੀ ਵਿੱਢ ਦਿੱਤੀ ਹੈ। ਭਲਕੇ ਸ਼ੁੱਕਰਵਾਰ ਨੂੰ ਹੋ ਰਹੀ ਕੈਬਨਿਟ ਮੀਟਿੰਗ ਵਿਚ ਅਗਲੀਆਂ ਚੋਣਾਂ ਦੇ ਮੱਦੇਨਜ਼ਰ ਕਈ ਅਹਿਮ ਫੈਸਲੇ ਹੋਣ ਦੀ ਸੰਭਾਵਨਾ ਹੈ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਅੱਜ ਦੀ ਮੀਟਿੰਗ ਵਿਚ 'ਮਿਸ਼ਨ-2022' ਦਾ ਮੁੱਦਾ ਪ੍ਰਮੁੱਖ ਰਿਹਾ। ਇਸ ਨੂੰ ਲੈ ਕੇ ਜਿੱਥੇ ਸਿਆਸੀ ਵਿਚਾਰ-ਵਟਾਂਦਰਾ ਹੋਇਆ, ਉਥੇ ਸ਼ੁੱਕਰਵਾਰ ਨੂੰ ਹੋ ਰਹੀ ਕੈਬਨਿਟ ਮੀਟਿੰਗ ਵਿਚ 6ਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਲਈ ਹਰੀ ਝੰਡੀ ਦੇਣ ਵਾਸਤੇ ਵੀ ਗੰਭੀਰ ਚਰਚਾ ਹੋਈ। ਵਿੱਤ ਵਿਭਾਗ ਦੀ ਸਮੁੱਚੀ ਟੀਮ ਵੱਲੋਂ ਮੁੱਖ ਮੰਤਰੀ ਅਤੇ ਵਜ਼ੀਰਾਂ ਨੂੰ 6ਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਨਾਲ ਪੈਣ ਵਾਲੇ ਵਿੱਤੀ ਬੋਝ ਤੋਂ ਜਾਣੂ ਕਰਵਾਇਆ ਗਿਆ। 6ਵੇਂ ਤਨਖਾਹ ਕਮਿਸ਼ਨ ਨੂੰ ਫੌਰੀ ਲਾਗੂ ਕਰਨ ਲਈ ਸਭਨਾਂ ਮੰਤਰੀਆਂ ਨੇ ਸਹਿਮਤੀ ਦਿੱਤੀ, ਜਿਸ ਨਾਲ ਭਲਕ ਦੀ ਕੈਬਨਿਟ ਮੀਟਿੰਗ ਵਿੱਚ ਇਸ ਏਜੰਡੇ 'ਤੇ ਮੋਹਰ ਲੱਗਣ ਦੇ ਆਸਾਰ ਬਣ ਗਏ ਹਨ। ਪੰਜਾਬ ਸਰਕਾਰ ਵੱਲੋਂ ਅਗਲੀਆਂ ਚੋਣਾਂ ਤੋਂ ਪਹਿਲਾਂ ਕਰੀਬ 6.50 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਖੁਸ਼ ਕਰਨ ਦਾ ਯਤਨ ਕੀਤਾ ਜਾਵੇਗਾ। ਵਿੱਤ ਵਿਭਾਗ ਵੱਲੋਂ ਦੱਸਿਆ ਕਿ ਕਰੀਬ 13 ਹਜ਼ਾਰ ਕਰੋੜ ਦਾ ਫੌਰੀ ਵਿੱਤੀ ਬੋਝ ਖ਼ਜ਼ਾਨੇ 'ਤੇ ਪਵੇਗਾ। ਸੂਤਰਾਂ ਮੁਤਾਬਕ ਭਲਕੇ ਦੀ ਕੈਬਨਿਟ ਮੀਟਿੰਗ ਖੁਸ਼ੀਆਂ ਭਰੇ ਫੈਸਲੇ ਲੈ ਕੇ ਆਵੇਗੀ। ਨਗਰ ਨਿਗਮਾਂ 'ਚ ਠੇਕੇ 'ਤੇ ਕੰਮ ਕਰਦੇ ਸਫਾਈ ਕਾਮਿਆਂ ਨੂੰ ਰੈਗੂਲਰ ਕਰਨ ਅਤੇ ਆਊਟਸੋਰਸਿੰਗ ਵਾਲੇ ਕਾਮਿਆਂ ਨੂੰ ਠੇਕੇ 'ਤੇ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਵੱਲੋਂ ਮਨਪ੍ਰੀਤ ਬਾਦਲ ਅਤੇ ਬ੍ਰਹਮ ਮਹਿੰਦਰਾ ਆਧਾਰਿਤ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਨੇ ਅਮਲ ਵਿੱਢ ਦਿੱਤਾ ਹੈ। ਕਰੀਬ 30 ਹਜ਼ਾਰ ਮੁਲਾਜ਼ਮਾਂ ਨੂੰ ਇਸ ਦਾ ਲਾਭ ਮਿਲੇਗਾ। ਕਾਂਗਰਸ ਹਾਈਕਮਾਨ ਨੇ ਖੜਗੇ ਕਮੇਟੀ ਦੀ ਰਿਪੋਰਟ ਮਗਰੋਂ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਨੂੰ ਅਗਲੀ ਜੰਗ (ਅਸੈਂਬਲੀ ਚੋਣਾਂ) ਲਈ ਇਕਜੁੱਟ ਹੋਣ ਦਾ ਸਪਸ਼ਟ ਸੁਨੇਹਾ ਦਿੱਤਾ ਸੀ। ਅਕਾਲੀ ਦਲ-ਬਸਪਾ ਗੱਠਜੋੜ ਮਗਰੋਂ ਪਾਰਟੀ ਆਗੂ ਆਪਸੀ ਮੱਤਭੇਦ ਭੁਲਾ ਕੇ ਕਦਮ ਮਿਲਾ ਕੇ ਚੱਲਣ 'ਚ ਹੀ ਆਪੋ-ਆਪਣੀ ਭਲਾਈ ਸਮਝਣ ਲੱਗੇ ਹਨ। ਹਾਲਾਂਕਿ ਪਾਰਟੀ ਅੰਦਰ ਇਹ ਤਿੱਖਾ ਵਿਰੋਧ ਛੇਤੀ ਕਿਤੇ ਮਿਟਣ ਵਾਲਾ ਨਹੀਂ ਹੈ, ਪਰ ਅੱਜ ਮੱਠਾ ਜ਼ਰੂਰ ਹੋਇਆ ਹੈ। ਕੁਝ ਵਜ਼ੀਰਾਂ ਦਾ ਮੱਤ ਸੀ ਕਿ ਮੁੱਖ ਮੰਤਰੀ ਵੱਲੋਂ ਜੋ ਹੁਣ ਦਰਵਾਜ਼ੇ ਖੋਲ੍ਹੇ ਗਏ ਹਨ ਅਤੇ ਲੋਕਾਂ ਨੂੰ ਮਿਲਣ ਲੱਗੇ ਹਨ, ਇਹ ਕੰਮ ਦੋ ਸਾਲ ਪਹਿਲਾਂ ਸ਼ੁਰੂ ਹੋ ਜਾਣਾ ਚਾਹੀਦਾ ਸੀ। ਅੱਜ ਮੁੱਖ ਮੰਤਰੀ ਨਿਵਾਸ 'ਤੇ ਕਾਂਗਰਸੀ ਆਗੂ ਰਣਇੰਦਰ ਸਿੰਘ ਵੀ ਹਾਜ਼ਰ ਸਨ, ਜਿਨ੍ਹਾਂ ਨੇ ਵਜ਼ੀਰਾਂ ਅਤੇ ਕਾਂਗਰਸੀ ਆਗੂਆਂ ਨਾਲ ਅੱਜ ਗੱਲਬਾਤ ਵੀ ਕੀਤੀ। ਅੱਜ ਕਈ ਸੰਸਦ ਮੈਂਬਰ ਵੀ ਹਾਜ਼ਰ ਸਨ।

# 'ਆਪ' ਦੇ ਬਾਗ਼ੀ ਵਿਧਾਇਕਾਂ ਵੱਲੋਂ ਰਾਹੁਲ ਨਾਲ ਮੁਲਾਕਾਤ

**ਨਵੀਂ ਦਿੱਲੀ।** ਪੰਜਾਬ ਏਕਤਾ ਪਾਰਟੀ ਬਣਾਉਣ ਵਾਲੇ ਆਮ ਆਦਮੀ ਪਾਰਟੀ (ਆਪ) ਦੇ ਤਿੰਨ ਬਾਗ਼ੀ ਵਿਧਾਇਕਾਂ ਨੇ ਅੱਜ ਇੱਥੇ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀ ਪਾਰਟੀ ਨੂੰ ਕਾਂਗਰਸ 'ਚ ਮਿਲਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿੱਚ ਵਿਰੋਧੀ ਧਿਰ ਦੇ ਸਾਬਕਾ ਆਗੂ ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ, ਵਿਧਾਇਕ ਜਗਦੇਵ ਸਿੰਘ ਅਤੇ ਵਿਧਾਇਕ ਪਿਰਮਲ ਸਿੰਘ ਸ਼ਾਮਲ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੀ 3 ਜੂਨ ਨੂੰ ਨਵੀਂ ਦਿੱਲੀ 'ਚ ਪਾਰਟੀ ਹਾਈ ਕਮਾਨ ਨਾਲ ਮੁਲਾਕਾਤ ਤੋਂ ਪਹਿਲਾਂ 'ਆਪ' ਦੇ ਤਿੰਨ ਬਾਗ਼ੀ ਵਿਧਾਇਕਾਂ ਸੁਖਪਾਲ ਖਹਿਰਾ, ਪਿਰਮਲ ਸਿੰਘ ਤੇ ਜਗਦੇਵ ਸਿੰਘ ਕਮਾਲੂ ਨੂੰ ਪਾਰਟੀ 'ਚ ਸ਼ਾਮਲ ਕੀਤਾ ਸੀ। ਸ੍ਰੀ ਖਹਿਰਾ ਨੇ ਦੱਸਿਆ, 'ਮੈਂ ਸ੍ਰੀ ਰਾਹੁਲ ਗਾਂਧੀ ਨੂੰ 'ਆਪ' ਦੇ ਕੌਮੀ ਕਨਵੀਨਰ ਕੇਜਰੀਵਾਲ ਦੀ



ਕਹਿਣੀ ਤੇ ਕਥਨੀ ਵਿਚਲਾ ਫ਼ਰਕ ਦੱਸਿਆ ਕਿ ਉਹ ਤਾਂ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਬਣਾਉਣ ਲਈ ਵੀ ਤਿਆਰ ਨਹੀਂ ਸਨ ਜਦਕਿ ਉਸ ਸਮੇਂ 'ਆਪ' ਦੇ 16 ਵਿਧਾਇਕ ਉਨ੍ਹਾਂ ਦੇ ਹੱਕ ਵਿੱਚ ਭੁਗਤ ਰਹੇ ਸਨ।' ਵਿਧਾਇਕ ਖਹਿਰਾ ਨੇ ਦੱਸਿਆ ਕਿ ਤਿੰਨਾਂ ਵਿਧਾਇਕਾਂ ਨੇ ਰਾਹੁਲ ਗਾਂਧੀ ਦਾ ਧੰਨਵਾਦ ਕੀਤਾ ਜਦਕਿ ਸ੍ਰੀ ਗਾਂਧੀ ਨੇ ਕਿਹਾ ਕਿ ਦੋਵੇਂ ਵਿਧਾਇਕ ਸਾਊ ਸੁਭਾਅ ਦੇ ਹਨ। ਦੱਸਣਯੋਗ ਹੈ ਕਿ ਕੈਪਟਨ ਨੇ ਇਨ੍ਹਾਂ ਵਿਧਾਇਕਾਂ ਨੂੰ ਉਸ ਸਮੇਂ ਕਾਂਗਰਸ ਵਿੱਚ ਲਿਆਂਦਾ ਸੀ ਜਦੋਂ ਨਵਜੋਤ ਸਿੱਧੂ ਵੱਲੋਂ ਬੇਅਦਬੀ ਕਾਂਡ ਤੇ ਹੋਰ ਮੁੱਦਿਆਂ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਖ਼ਿਲਾਫ਼ ਬਿਆਨਬਾਜ਼ੀ ਕੀਤੀ ਜਾ ਰਹੀ ਸੀ।

# ਧਨਖੜ ਨੂੰ ਅਹੁਦੇ ਤੋਂ ਹਟਾਉਣ ਲਈ ਮੋਦੀ ਨੂੰ ਤਿੰਨ ਵਾਰ ਲਿਖਿਆ: ਮਮਤਾ

**ਕੋਲਕਾਤਾ।** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰਾਜਪਾਲ ਜਗਦੀਪ ਧਨਖੜ ਦੀ ਦਿੱਲੀ ਫੇਰੀ 'ਤੇ ਤਨਜ਼ ਕੱਸਦਿਆਂ ਅੱਜ ਕਿਹਾ ਕਿ 'ਬੱਚੇ ਨੂੰ ਪਤਿਆ ਕੇ ਚੁੱਪ ਕਰਾਇਆ ਜਾ ਸਕਦਾ ਹੈ', ਪਰ ਇਕ ਵੱਡੀ ਉਮਰ ਦੇ ਬੰਦੇ ਨੂੰ ਨਹੀਂ।' ਮਮਤਾ ਨੇ ਕਿਹਾ ਕਿ ਉਹ ਰਾਜਪਾਲ ਧਨਖੜ ਨੂੰ ਸੂਬੇ 'ਚੋਂ ਵਾਪਸ ਬੁਲਾਉਣ ਲਈ ਤਿੰਨ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਚੁੱਕੇ ਹਨ। ਬੈਨਰਜੀ ਨੇ ਰਾਜਪਾਲ ਨੂੰ 'ਕੇਂਦਰ ਦਾ ਬੰਦਾ' ਦੱਸਿਆ, ਹਾਲਾਂਕਿ ਉਨ੍ਹਾਂ ਰਾਜਪਾਲ ਧਨਖੜ ਦੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੇ ਹੋਰਨਾਂ ਕੇਂਦਰੀ ਮੰਤਰੀਆਂ ਨਾਲ ਨਵੀਂ ਦਿੱਲੀ ਵਿੱਚ ਮੀਟਿੰਗ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ। ਰਾਜਪਾਲ ਧਨਖੜ ਨੇ ਅੱਜ ਦਿੱਲੀ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਸੂਬੇ ਦੇ ਹਾਲਾਤ ਤੋਂ ਜਾਣੂ ਕਰਵਾਇਆ। -ਪੀਟੀਆਈ

ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰਾਜ ਦੇ ਕਿਸਾਨਾਂ ਨੂੰ ਕ੍ਰਿਸ਼ਕ ਬੰਧੂ ਸਕੀਮ ਤਹਿਤ ਮਿਲਣ ਵਾਲੀ ਸਾਲਾਨਾ ਰਾਹਤ ਦੁੱਗਣੀ ਕਰ ਦਿੱਤੀ ਹੈ। ਪੱਛਮੀ ਬੰਗਾਲ ਦੇ ਲਾਭਪਾਤਰੀ ਕਿਸਾਨਾਂ ਨੂੰ ਹੁਣ ਸਾਲਾਨਾ 10 ਹਜ਼ਾਰ ਰੁਪਏ ਮਿਲਣਗੇ।



OUR PARTNERS IN PROMOTION
WORLD PUNJABI NEWS NETWORK
WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਕਾਨੂੰਨ ਦੀ ਨਜ਼ਰ ’ਚ ਦੇਸ਼ਧ੍ਰੋਹ ਅਤੇ ਰਿਆਸਤ



ਕਾਨੂੰਨ ਸ਼ਬਦਕੋਸ਼ ਦੀ ਪਰਿਭਾਸ਼ਾ ਮੁਤਾਬਕ ਦੇਸ਼ਧ੍ਰੋਹ () ਦਾ ਅਰਥ ਹੈ- ‘ਜਨਤਕ ਅਥਾਰਿਟੀ ਖ਼ਿਲਾਫ਼ ਰਾਜਧ੍ਰੋਹ ਜਾਂ ਵਿਦਰੋਹ ਭੜਕਾਉਣ ਲਈ ਸਹਿਮਤੀ, ਸ਼ਮੂਲੀਅਤ ਜਾਂ ਕੋਈ ਹੋਰ ਮੁੱਢਲੀ ਸਰਗਰਮੀ।’ ਜ਼ਾਹਰ ਹੈ ਕਿ ਦੇਸ਼ਧ੍ਰੋਹ ‘ਮੁੱਢਲੀ ਸਰਗਰਮੀ’ ਹੈ, ਜ਼ਰੂਰੀ ਨਹੀਂ ਕਿ ਇਹ ਕਿਸੇ ਕਾਰਵਾਈ ਨੂੰ ਅੰਜਾਮ ਦੇਣਾ ਹੋਵੇ। ਇਸ ਲਈ ਇਸ ਦੇ ਜ਼ਰੂਰੀ ਪੱਖ ਹਨ ‘ਸਹਿਮਤੀ, ਸ਼ਮੂਲੀਅਤ... ਜਾਂ ਕੋਈ ਹੋਰ ਮੁੱਢਲੀ ਸਰਗਰਮੀ।’

ਜੁਰਮ ਉਹ ਹੁੰਦਾ ਹੈ ਜਿਸ ਵਿਚ ਲਾਜ਼ਮੀ ਤੌਰ ’ਤੇ ‘ਇਰਾਦਾ’ () ਹੋਵੇ ਅਤੇ ‘ਕਾਰਵਾਈ’ () ਹੋਵੇ ਜਿਸ ਨੂੰ ਇਸਤਗਾਸਾ ਧਿਰ ਵੱਲੋਂ ਅਦਾਲਤ ਵਿਚ ਬਿਨਾਂ ਕਿਸੇ ਸ਼ੱਕ ਤੋਂ ਸਾਬਤ ਕੀਤਾ ਹੋਵੇ। ਨਿਆਂਪਾਲਿਕਾ ਨੂੰ ਸਟੇਟ/ਰਿਆਸਤ ਅਤੇ ਆਮ ਨਾਗਰਿਕ ਦਰਮਿਆਨ ਫ਼ੈਸਲਾ ਸੁਣਾਉਣ ਲਈ ਕਿਹਾ ਜਾਂਦਾ ਹੈ ਤਾਂ ਉਸ ਲਈ ਚੁਣੌਤੀ ਖੜ੍ਹੀ ਹੁੰਦੀ ਹੈ। ਕੀ ਸਟੇਟ/ਰਿਆਸਤ ਦੀ ਤਾਕਤ, ਜ਼ੋਰ ਅਤੇ ਹੋਂਦ ਲਈ ਆਮ ਨਾਗਰਿਕ ਵੱਲੋਂ ਖ਼ਤਰਾ ਖੜ੍ਹਾ ਕੀਤਾ ਕੀਤਾ ਜਾ ਸਕਦਾ ਹੈ? ਇਹ ਅਦਾਲਤ ਹੀ ਫ਼ੈਸਲਾ ਕਰ ਸਕਦੀ ਹੈ। ਬਾਰੀਕੀ ਨਾਲ ਘੋਖਣ ਤੋਂ ਇਹੋ ਸਾਹਮਣੇ ਆਉਂਦਾ ਹੈ ਕਿ ਉਪਰਲੀ ਕਾਨੂੰਨੀ ਪਰਿਭਾਸ਼ਾ ਮੁਤਾ-ਬਕ ਇਹ ਲਾਜ਼ਮੀ ਹੈ ਕਿ ਦੇਸ਼ਧ੍ਰੋਹ ਵਿਚ ਘੱਟੋ-ਘੱਟ ਦੋ ਬੰਦਿਆਂ ਦੀ ਸ਼ਮੂਲੀਅਤ ਹੋਣੀ ਚਾਹੀਦੀ ਹੈ; ਕਾਰਨ ਇਹ ਕਿ ‘ਸਹਿਮਤੀ’ ਅਤੇ ‘ਸ਼ਮੂਲੀਅਤ’ ਕਦੇ ਵੀ ਕਿਸੇ ਵੱਲੋਂ ਮਹਿਜ਼ ਆਪਣੇ ਨਾਲ ਨਹੀਂ ਕੀਤੀ ਜਾ ਸਕਦੀ।

ਕੀ ਇਸ ਤਰ੍ਹਾਂ ਇਕ ਹੋਰ ਕਾਰਨ ਜਿਸ ਨੂੰ ‘ਰਾਜਧ੍ਰੋਹ’ ਕਿਹਾ ਜਾਂਦਾ ਹੈ, ਨਾਲ ਜੁੜੀ ‘ਮੁਢਲੀ ਕਾਰਵਾਈ’ ਨੂੰ ਮਹਿਜ਼ ‘ਇਕ ਵਾਰ ਦੇ ਬਿਆਨ ਜਾਂ ਕਥਨ ਜਾਂ ਕਾਰਵਾਈ ਦੇ ਕਾਰਨ’ ਵਜੋਂ ਖ਼ਾਰਜ ਕੀਤਾ ਜਾ ਸਕਦਾ ਹੈ? ਇਸ ਬਾਰੇ ਵਿਆਪਕ ਘੋਖ ਦੀ ਲੋੜ ਹੈ, ਕਿਉਂਕਿ ਇਸ ਸਬੰਧੀ ਦਲੀਲ ਦਿੱਤੀ ਜਾ ਸਕਦੀ ਹੈ ਕਿ ‘ਗਰਮਾ-ਗਰਮੀ ਦੌਰਾਨ ਕਿਸੇ ਵੱਲੋਂ ਨਾਬਰਦਾਸ਼ਤਯੋਗ ਗੱਲਾਂ ਕਹਿ ਦਿੱਤਾ ਜਾਣਾ’ ਜੇ ਬਾਅਦ ਵਿਚ ਸ਼ੱਕੀ ਹੋਵੇ ਤਾਂ ਇਹ ਵਾਜਬ ਨਹੀਂ ਹੋ ਸਕਦਾ ਕਿ ਉਹ ਇਸ ਤਰ੍ਹਾਂ ਕਰ ਕੇ ਖ਼ੁਸ਼ਹਾਲ ਤੇ ਦਮਦਾਰ ਜਮਹੂਰੀਅਤ ਦੀ ਹੋਂਦ ਲਈ ਬੇਲੋੜਾ ਖ਼ਤਰਾ ਖੜ੍ਹਾ ਕਰ ਰਿਹਾ ਹੋਵੇ, ਖ਼ਾਸਕਰ ਉਦੋਂ ਜਦੋਂ ਸੰਵਿਧਾਨ ਵੱਲੋਂ ਨਾਗਰਿਕਾਂ ਦੇ ਬੁਨਿਆਦੀ ਹੱਕਾਂ ਦੀ ਯਕੀਨਦਹਾਨੀ ਕੀਤੀ ਗਈ ਹੈ। ਇਹ ਅਧਿਕਾਰ ਭਾਰਤੀ ਲੋਕਤੰਤਰ ਅਤੇ ਨਾਲ ਹੀ ਭਾਰਤੀ ਗਣਤੰਤਰ ਨੂੰ 1950 ਤੋਂ ਬਾਅਦ ਮਿਲੇ ਮਾਣ-ਸਨਮਾਨ ਅਤੇ ਇਸ ਦੀ ਸਾਖ਼ ਦਾ ਆਧਾਰ ਹਨ ਜਿਨ੍ਹਾਂ ਨੇ ਭਾਰਤੀ ਨਿਆਂਪਾਲਿਕਾ ਦੀ ਮਿਸਾਲੀ ਤੇ ਸ਼ਾਨਦਾਰ ਚੌਕਸੀ ਤੇ ਨਿਗਰਾਨੀ ਦੌਰਾਨ ਕੰਮ ਕੀਤਾ ਹੈ।

ਦੇਸ਼ਧ੍ਰੋਹ ‘ਹਮਾਇਤ/ਸਹਿਮਤੀ’ ਦੀ ਅਜਿਹੀ ਕਾਰਵਾਈ ਹੈ ‘ਜਿਹੜੀ ਫ਼ੌਰੀ ਤੌਰ ’ਤੇ ਲਾਕਾਨੂੰਨੀ ਵਾਲੀ ਕਾਰਵਾਈ ਨੂੰ ਭੜਕਾਉਣ ਜਾਂ ਪੈਦਾ ਕਰਨ ਵੱਲ ਸੇਧਤ ਹੋਵੇ ਅਤੇ ਸੰਭਵ ਤੌਰ ’ਤੇ ਇਸ ਨੂੰ ਭੜਕਾ ਜਾਂ ਪੈਦਾ ਕਰ ਸਕਦੀ ਹੋਵੇ।’ ‘ਆਮ ਕਾਨੂੰਨ’ ਵਿਚ (ਭਾਵ ਕਾਨੂੰਨ ਦਾ ਉਹ ਪੱਖ ਜਿਹੜਾ ਅਦਾਲਤੀ ਫ਼ੈਸਲਿਆਂ ਤੋਂ ਲਿਆ ਗਿਆ ਹੈ, ਨਾ ਕਿ ਵਿਧਾਨਕੀ ਤੇ ਸੰਵਿਧਾਨਕ ਆਧਾਰ ’ਤੇ) ਦੇਸ਼ਧ੍ਰੋਹ ਵਿਚ ‘ਸ਼ਾਹੀ ਪਰਿਵਾਰ ਜਾਂ ਸਰਕਾਰ ਦੀ ਬਦਨਾਮੀ ਕਰਨਾ’ ਵੀ ਸ਼ਾਮਲ ਹੈ ਪਰ ਇਥੇ ‘ਦੇਸ਼ਧ੍ਰੋਹ’ () ਅਤੇ ‘ਰਾਜਧ੍ਰੋਹ’ () ਦਰਮਿਆਨ ਵਧੀਆ ਫ਼ਰਕ ਕੀਤਾ ਗਿਆ ਹੈ। ‘ਦੇਸ਼ਧ੍ਰੋਹ’ ਮੁਢਲੇ ਕਦਮਾਂ ਰਾਹੀਂ ਕੀਤਾ ਜਾਂਦਾ ਹੈ, ਜਦੋਂਕਿ ‘ਰਾਜਧ੍ਰੋਹ’ ਕਿਸੇ ਯੋਜਨਾ ਨੂੰ ਅੰਜਾਮ ਦੇਣ ਦੀ ਜ਼ਾਹਰਾ ਕਾਰਵਾਈ ਹੁੰਦੀ ਹੈ ਪਰ ਜੇ ‘ਯੋਜਨਾ ਮਹਿਜ਼ ਛੋਟੇ ਹੰਗਾਮੇ ਲਈ ਹੈ ਅਤੇ ਉਹ ਵੀ ਮਹਿਜ਼ ਯੋਜਨਾ ਪੂਰੀ ਕਰਨ ਲਈ, ਤਾਂ ਇਹ ਰਾਜਧ੍ਰੋਹ ਨਹੀਂ ਬਣਦਾ।’

ਇਸ ਲਈ ਜੇ ਕਾਨੂੰਨ ਦੀ ਨਜ਼ਰ ਤੋਂ ਬਾਰੀਕਬੀਨੀ ਨਾਲ ਘੋਖਿਆ ਜਾਵੇ ਤਾਂ ਮਤਲਬ ਇਹ ਹੈ ਕਿ ਦੇਸ਼ਧ੍ਰੋਹ ਨੂੰ ਇਕੱਲਿਆਂ ਜਥੇਬੰਦ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸਮੇਂ ਸਮੇਂ ’ਤੇ ਲਿਆਂਦੇ ਜਾਣ ਵਾਲੇ ਵੱਖ ਵੱਖ ਕਾਨੂੰਨੀ ਪ੍ਰਬੰਧਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ ਸਬੰਧ ਵਿਚ ਭਾਰਤੀ ਸੰਵਿਧਾਨ ਦੇ ਬੁਨਿਆਦੀ ਪੱਖਾਂ ਨੂੰ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਤਾਂ ਕਿ ਦੇਸ਼ ਦੇ ਸਿਖਰਲੇ ਕਾਨੂੰਨ ਤੋਂ ਵਖਰੇਵੇਂ ਜਾਂ ਉਸ ਨਾਲ ਟਕਰਾਅ ਤੋਂ ਬਚਿਆ ਜਾ ਸਕੇ। ਇਹ ਇਸ ਕਾਰਨ ਕਿ ਭਾਰਤੀ ਸੰਵਿਧਾਨ ਹੋਰ ਕਿਸੇ ਵੀ ਕਾਨੂੰਨ, ਜਾਂ ਇਸ ਦੀ ਕਿਸੇ ਧਾਰਾ ਜਾਂ ਅੰਗ ਵੱਲੋਂ ਨੀਵਾਂ ਜਾਂ ਹੀਣਾ ਹੁੰਦਾ ਜਾਂ ਉਸ ਤੋਂ ਦਬਾਇਆ ਗਿਆ ਦਿਖਾਈ ਨਹੀਂ ਦੇਣਾ ਚਾਹੀਦਾ; ਕਿਉਂਕਿ ਭਾਰਤੀ ਸੰਵਿਧਾਨ ਨੂੰ ‘ਅਸੀਂ ਭਾਰਤ ਦੇ ਲੋਕ’ ਬਣਾਉਣ ਵਾਲੇ ਹਾਂ ਅਤੇ ਇਸ ਤੋਂ ਬਾਅਦ ਸੰਵਿਧਾਨ ਨੇ ਸੰਸਦ ਬਣਾਈ ਹੈ। ਇਸ ਲਈ ਇਸ ਤਹਿਤ ਬਣਾਏ ਕਾਨੂੰਨ ਭਾਰਤੀ ਸੰਵਿਧਾਨ ਉਤੇ ਭਾਰੀ ਪੈਂਦੇ ਜਾਂ ਇਸ ਦੇ ਬੁਨਿਆਦੀ ਪੱਖਾਂ ਦੇ/ਤੋਂ ਉਲਟ ਚੱਲਦੇ ਦਿਖਾਈ ਨਹੀਂ ਦੇਣੇ ਚਾਹੀਦੇ।

ਐਡਵਰਡ ਜੈਂਕਸ ਨੇ ਆਪਣੀ ਕਿਤਾਬ ‘ਦਿ ਬੁੱਕ ਆਫ਼ ਇੰਗਲਿਸ਼ ਲਾਅ’ ਵਿਚ ਵਿਚਾਰ ਪ੍ਰਗਟਾਏ ਹਨ: “ਦੇਸ਼ਧ੍ਰੋਹ ਸ਼ਾਇਦ ਕ੍ਰਿਮੀਨਲ ਲਾਅ ਵਿਚ ਜਾਣੇ ਜਾਂਦੇ ਸਾਰੇ ਜੁਰਮਾਂ ਵਿਚੋਂ ਸਭ ਤੋਂ ਅਸਪਸ਼ਟ ਹੈ ਜਿਸ ਨੂੰ ਅਜਿਹੇ ਸ਼ਬਦ ਬੋਲਣ ਜਾਂ ਲਿਖਣ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਕਾਨੂੰਨ ਰਾਹੀਂ ਸਥਾਪਤ ਸੰਵਿਧਾਨ ਖ਼ਿਲਾਫ਼ ਰੋਹ ਭੜਕਾਉਣ ਵਾਲੇ ਗਿਣਿਆ ਜਾਂਦਾ ਹੈ ਤਾਂ ਕਿ ਇਸ ਵਿਚ ਵਾਜਬ ਨਾ ਹੋ ਕੇ ਹੋਰ ਤਰੀਕਿਆਂ ਰਾਹੀਂ ਤਬਦੀਲੀ ਕੀਤੀ ਜਾ ਸਕੇ, ਜਾਂ ਕਿਸੇ ਸ਼ਖ਼ਸ ਨੂੰ ਕੋਈ ਜੁਰਮ ਕਰਨ ਲਈ ਭੜਕਾਉਣਾ ਤਾਂ ਕਿ ਅਮਨ ਵਿਚ ਵਿਘਨ ਪਵੇ, ਜਾਂ ਨਾਰਾਜ਼ਗੀ ਜਾਂ ਵਿਦਰੋਹ ਨੂੰ ਹੁਲਾਰਾ ਦੇਣਾ, ਜਾਂ ਭਾਈਚਾਰੇ ਦੇ ਵੱਖ ਵੱਖ ਵਰਗਾਂ ਦਰਮਿਆਨ ਮੰਦਭਾਵਨਾ ਨੂੰ ਉਤਸ਼ਾਹਿਤ ਕਰਨਾ।

“ਦੇਸ਼ਧ੍ਰੋਹ ਦੇ ਦੋਸ਼ ਇਤਿਹਾਸਕ ਤੌਰ ’ਤੇ, ਖ਼ਾਸਕਰ 18ਵੀਂ ਸਦੀ ਦੇ ਅਖ਼ੀਰ ਅਤੇ 19ਵੀਂ ਸਦੀ ਦੇ ਸ਼ੁਰੂ ਵਿਚ ਸਰਕਾਰਾਂ ਦੀਆਂ ਅਜਿਹੀਆਂ ਮੁੱਖ ਤਰਕੀਬਾਂ ਵਿਚ ਸ਼ਾਮਲ ਸਨ ਜਿਨ੍ਹਾਂ ਰਾਹੀਂ ਆਪਣੇ ਕਰੜੇ ਵਿਰੋਧੀਆਂ ਨੂੰ ਦਰੜਿਆ ਜਾਂਦਾ ਸੀ। ਸਾਫ਼ ਹੈ ਕਿ ਇਨ੍ਹਾਂ ਦੋਸ਼ਾਂ ਦੀ ਅਸਪਸ਼ਟਤਾ ਸਬੰਧਤ ਬੰਦੇ ਦੀ ਆਜ਼ਾਦੀ ਲਈ ਖ਼ਤਰਾ ਹੈ, ਖ਼ਾਸਕਰ ਉਦੋਂ ਜਦੋਂ ਨਿਆਂ ਦੇਣ ਵਾਲੀ ਅਦਾਲਤ ਨੂੰ ਸਰਕਾਰ ਲਈ ਮੁਆਫ਼ਕ ਨਜ਼ਰੀਆ ਅਪਨਾਉਣ ਲਈ ਪ੍ਰੇਰਿਤ ਕਰ ਲਿਆ ਜਾਵੇ।”

‘ਦੇਸ਼ਧ੍ਰੋਹ’ ਦਾ ਲੰਮਾ, ਔਖਾ, ਤਕਲੀਫ਼ਦੇਹ, ਤਲਖ਼ ਅਤੇ ਪੀੜਾਦਾਈ ਵਿਖਿਆਨ ਤਾਂ ਮਜ਼ਬੂਤ ਤੋਂ ਮਜ਼ਬੂਤ ਰੂਹਾਂ ਨੂੰ ਵੀ ਤੋੜ ਕੇ ਰੱਖ ਦਿੰਦਾ ਹੈ, ਇਥੋਂ ਤੱਕ ਕਿ ਅਦਾਲਤ ਤੇ ਵਕੀਲਾਂ ਵਿਚੋਂ ਬਿਹਤਰੀਨਾਂ ਨੂੰ ਵੀ; ਇਸ ਤਰ੍ਹਾਂ ਇਹ ਮੁਲਜ਼ਮ, ਵਕੀਲ ਤੇ ਜਿਊਰੀ ਨੂੰ ਅਧੂਰੇਪਣ ਦੀ ਭਾਵਨਾ ਨਾਲ ਛੱਡ ਦਿੰਦਾ ਹੈ, ਭਾਵੇਂ ਦੇਸ਼ਧ੍ਰੋਹ ਦੇ ਸ਼ਬਦ ਦੀ ਵਿਆਖਿਆ ਅਦਾਲਤੀ ਫ਼ੈਸਲੇ ਵਿਚੋਂ ਦਿਖਾਈ ਦਿੰਦੀ ਹੋਵੇ।

ਇਸ ਤਰ੍ਹਾਂ ‘ਦੇਸ਼ਧ੍ਰੋਹ’ ਦਾ ਕੋਈ ਮਾਮਲਾ ਬਿਨਾਂ ਸ਼ੱਕ ਕਿਸੇ ਅੰਤ ਤੋਂ ਰਹਿਤ ਸ਼ੁਰੂਆਤ ਹੁੰਦਾ ਹੈ ਅਤੇ ਕਿਸੇ ਤਰ੍ਹਾਂ ਦੇ ਵਖਰੇਵਿਆਂ ਜਾਂ ਵੰਨ-ਸੁਵੰਨਤਾ ਦੇ, ਰਾਜਸ਼ਾਹੀ ਜਾਂ ਜਮਹੂਰੀਅਤ ਦੇ, ਤਾਨਾਸ਼ਾਹੀ ਜਾਂ ਘੱਟਗਿਣਤੀ ਕੁਲੀਨਤੰਤਰ ਜਾਂ ਕਿਸੇ ਖ਼ਾਸ ਹਾਲਾਤ ਵਿਚ ਵਿਚਾਰਧਾਰਾ ਦੇ ਭਿੰਨ-ਭੇਦ ਤੇ ਬਾਵਜੂਦ, ‘ਦੇਸ਼ਧ੍ਰੋਹ’ ਹਮੇਸ਼ਾ ਹੀ ਕਥਿਤ ‘ਆਕੀ/ਅੜੀਅਲ’ ਅਨਸਰਾਂ ਨੂੰ ਠੀਕ ਕਰਨ ਦਾ ਸਿਰੇ ਦਾ ਸਾਧਨ ਬਣਿਆ ਰਹੇਗਾ।

ਭਾਰਤੀ ਪ੍ਰਸੰਗ ਤੋਂ ਦੇਖੀਏ ਤਾਂ ਦੇਸ਼ਧ੍ਰੋਹ ਭਾਵੇਂ ਭਾਰਤੀ ਦੰਡ ਵਿਧਾਨ ਦੀ ਧਾਰਾ 124ਏ ਵਿਚ 1860 ਤੋਂ ਮੌਜੂਦ ਹੈ ਪਰ ਇਸ ਤਹਿਤ ‘ਅਸਲੀ’ ਕਾਰਵਾਈ ਐਕਟ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂਏਪੀਏ) ਨਾਲ 1967 ਵਿਚ ਸਾਹਮਣੇ ਆਉਂਦੀ ਹੈ ਜੋ ‘ਦਹਿਸ਼ਤਗਰਦੀ’ ਨੂੰ ‘ਦੇਸ਼ਧ੍ਰੋਹ’ ਦੇ ਹਥਿਆਰ ਨਾਲ ਠੱਲ੍ਹਣ ਲਈ ਸੀ।

ਮੁੱਖ ਤੌਰ ’ਤੇ ਇਹ ਚੀਨੀ ਕਮਿਊਨਿਸਟ ਪਾਰਟੀ ਤੋਂ ਸੇਧਿਤ ਨਕਸਲੀ ਲਹਿਰ ਦੇ ਟਾਕਰੇ ਲਈ ਸੀ ਜਿਹੜੀ ਪੱਛਮੀ ਬੰਗਾਲ ਦੇ ਨਕਸਲਬਾੜੀ, ਖਾਰੀਬਾੜੀ ਅਤੇ ਫਾਂਸੀਦੇਵਾ ਇਲਾਕਿਆਂ ਵਿਚੋਂ ਸ਼ੁਰੂ ਹੋਈ। ਇਕ ਤਰ੍ਹਾਂ ਚੀਨ ਦੀ ਫ਼ੌਜ ਪੀਪਲਜ਼ ਲਿਬਰੇਸ਼ਨ ਆਰਮੀ (ਪੀਐੱਲਏ) ਦੇ ਮਾਤਹਿਤ ਫ਼ੌਜੀ ਮੰਨੇ ਜਾਣ ਵਾਲੇ (ਜੋ ਯਕੀਨਨ ਸਹੀ ਵੀ ਸੀ) ਨਕਸਲੀਆਂ ਵੱਲੋਂ ਪਹਿਲਾ ਜੈਕਾਰਾ 24 ਮਈ, 1967 ਨੂੰ ਉਸ ਥਾਂ ਤੋਂ ਲਾਇਆ ਗਿਆ ਜਿਹੜੀ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼), ਭੂਟਾਨ, ਸਿੱਕਮ (ਜੋ ਉਦੋਂ ਵੱਖਰਾ ਮੁਲਕ ਸੀ), ਨੇਪਾਲ ਅਤੇ ਚੀਨ ਤੋਂ ਜ਼ਿਆਦਾ ਦੂਰ ਨਹੀਂ ਸੀ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਉਦੋਂ ਦੀ ਭਾਰਤ ਸਰਕਾਰ ਨੇ ਕੋਈ ਵੀ ਵਕਤ ਗੁਆਏ ਬਿਨਾ 30 ਦਸੰਬਰ, 1967 ਨੂੰ ਯੂਏਪੀਏ ਲੈ ਆਂਦਾ।

ਕੀ ਯੂਏਪੀਏ-1967 ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਬੁਨਿਆਦੀ ਹੱਕਾਂ ਵਿਚ ਦਿੱਤੀ ਗਈ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਉਲਟ ਚੱਲਦਾ ਹੈ? ਉਂਜ ਤਾਂ ਇਸ ਦਾ ਜਵਾਬ ਹੈ ‘ਹਾਂ’; ਪਰ ਕਾਨੂੰਨੀ ਤੌਰ ’ਤੇ ਇਹ ਫ਼ੈਸਲਾ ਸਿਰਫ਼ ਅਦਾਲਤ ਹੀ ਕੇਸ-ਦਰ-ਕੇਸ ਆਧਾਰ ’ਤੇ ਕਰ ਸਕਦੀ ਹੈ; ਕਿਉਂਕਿ ਅਦਾਲਤ ਤੋਂ ਬਿਨਾ ਹੋਰ ਕਿਸੇ ਕੋਲ ਅਜਿਹਾ ਕੋਈ ਉਪਾਅ ਜਾਂ ਮੁਹਾਰਤ ਨਹੀਂ ਹੈ ਜੋ ਸਬੰਧਤ ਕੇਸ ਦੇ ਗੁਣ-ਦੋਸ਼ ਅਤੇ ਉਸ ਵਿਚ ਲਾਏ ਗਏ ਕਾਨੂੰਨ ਦੀ ਵਾਜਬੀਅਤ ਬਾਰੇ ਫ਼ੈਸਲਾ ਕਰ ਸਕੇ।

ਅਜੋਕੇ ਪ੍ਰਸੰਗ ਵਿਚ, ਇਸ ਵਕਤ ਅਮਰੀਕਾ ਦੇ ਚੀਫ਼ ਜਸਟਿਸ ਅਰਲ ਵਾਰਨ (1953-1969) ਵਾਲਾ ਦੌਰ ਚੇਤੇ ਆਉਂਦਾ ਹੈ। ਭਾਰਤ ਵਾਂਗ ਹੀ ਅਮਰੀਕਾ ਵਿਚ ਵੀ ਸਾਲਾਂ ਬੱਧੀ ਦੇਸ਼ਧ੍ਰੋਹ ਦੇ ਕੇਸਾਂ ਅਤੇ ਇਸ ਨਾਲ ਸਬੰਧਤ ਤਕਲੀਫ਼ਾਂ ਦੀ ਭਰਮਾਰ ਰਹੀ। ਇਸ ਦੇ ਬਾਵਜੂਦ, ਉਸ ਮੌਕੇ ਵਾਰਨ ਦੀ ਅਗਵਾਈ ਵਾਲੀ ਨਿਆਂਪਾਲਿਕਾ ਨੇ ਇਸ ਮਾਮਲੇ ਨੂੰ ਆਪਣੇ ਹੱਥ ਵਿਚ ਲਿਆ ਅਤੇ ਇਸ ਤਰ੍ਹਾਂ ਆਪਣੇ ਅਹਿਮ ਫ਼ੈਸਲਿਆਂ ਰਾਹੀਂ ਹਮੇਸ਼ਾ ਲਈ ਅਮਰੀਕੀ ਜਮਹੂਰੀਅਤ ਦੀ ਸ਼ਕਲ ਬਦਲ ਕੇ ਰੱਖ ਦਿੱਤੀ। ਇਸ ਤਰ੍ਹਾਂ ਨਿਆਂਪਾਲਿਕਾ ਨੇ ਨਾਸਮਝੀ ਵਾਲੇ ਫ਼ੈਸਲਿਆਂ ਰਾਹੀਂ ਮੁਲਕ ਦੀ ਜਮਹੂਰੀਅਤ ਦੀਆਂ ਜੜ੍ਹਾਂ ਨੂੰ ਪੁੱਟਣ ਦੀ ਥਾਂ ਸਗੋਂ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ। ਅਮਰੀਕਾ ਦੀ ਨਿਆਂਪਾਲਿਕਾ ਨੇ ਅਮਰੀਕੀ ਜਮਹੂਰੀਅਤ ਨੂੰ ਆਜ਼ਾਦ ਕਰਵਾ ਲਿਆ।

**ਅਭੀਜੀਤ ਭੱਟਾਚਾਰੀਆ**

***ਲੇਖਕ ਸੁਪਰੀਮ ਕੋਰਟ ਦਾ ਐਡਵੋਕੇਟ ਹੈ।**

## ਨਿਊਯਾਰਕ ਦੇ ਟਾਈਮਜ਼ ਸਿਕੁਆਇਰ ’ਤੇ ਪਲੇਅ ਹੋਇਆ ਕਰੀਨਾ ਕਪੂਰ ਖ਼ਾਨ ਦਾ ਵੀਡੀਓ




**ਨਵੀਂ ਦਿੱਲੀ : ਕਰੀਨਾ ਕਪੂਰ ਖਾਨ ਨੇ ਆਪਣੇ ਕਰੀਅਰ ’ਚ ਕਈ ਬਿਹਤਰੀਨ ਫਿਲਮਾਂ ਅਤੇ ਕਿਰਦਾਰ ਨਿਭਾਏ ਹਨ। ਬਾਲੀਵੁੱਡ ਦੀ ਸਭ ਤੋਂ ਕਾਮਯਾਬ ਅਦਾਕਾਰਵਾਂ ’ਚ ਕਰੀਨਾ ਸ਼ਾਮਿਲ ਹੈ। ਕਰੀਨਾ ਹਾਲ ਹੀ ’ਚ ਬੇਹੱਦ ਉਤਸ਼ਾਹਿਤ ਨਜ਼ਰ ਆਈ, ਜਦੋਂ ਉਨ੍ਹਾਂ ਨੇ ਸੋਸ਼ਲ ਮੀਡੀਆ ’ਚ ਆਪਣਾ ਇਕ ਵੀਡੀਓ ਪੋਸਟ ਕੀਤਾ। ਇਹ ਵੀਡੀਓ ਅਮਰੀਕਾ ਦੇ ਨਿਊਯਾਰਕ ਸ਼ਹਿਰ ਦੇ ਆਈਕਾਨਿਕ ਟਾਈਮਜ਼ ਸਿਕੁਆਇਰ ਦਾ ਹੈ, ਜਿਥੇ ਇਕ ਵੱਡੇ ਬਿਲਬੋਰਡ ’ਤੇ ਕਰੀਨਾ ਕਪੂਰ ਖਾਨ ਝਿਲਮਿਲਾ ਰਹੀ ਹੈ। ਹਾਲਾਂਕਿ, ਇਹ ਵੀਡੀਓ ਇਕ ਜਿਊਲਰੀ ਬ੍ਰਾਂਡ ਦਾ ਹੈ, ਜਿਸਨੂੰ ਬੇਬੋ ਇੰਡੋਰਸ ਕਰਦੀ ਹੈ।**

**ਇਸ ਵੀਡੀਓ ਨਾਲ ਕਰੀਨਾ ਨੇ ਲਿਖਿਆ - ਇਕ ਬਿੱਲਬੋਰਡ ’ਤੇ ਹੀਰਿਆਂ ਅਤੇ ਸੋਨੇ ਦੀ ਤਰ੍ਹਾਂ ਝਿਲਮਿਲਾਉਂਦੇ ਹੋਏ। ਇਸਦੇ ਨਾਲ ਉਨ੍ਹਾਂ ਨੇ ਟਾਈਮਜ਼ ਸਿਕੁਆਇਰ ਐੱਨਵਾਈਸੀ ਹੈਸ਼ਟੈਗ ਲਿਖਿਆ ਹੈ। ਕਰੀਨਾ ਦੇ ਇਸ ਵੀਡੀਓ ’ਤੇ ਖ਼ੂਬ ਕੁਮੈਂਟ ਆ ਰਹੇ ਹਨ। ਉਨ੍ਹਾਂ ਦੀ ਨਨਾਣ ਅਤੇ ਸੈਫ ਅਲੀ ਖ਼ਾਨ ਦੀ ਛੋਟੀ ਭੈਣ ਸਬਾ ਅਲੀ ਖ਼ਾਨ ਨੇ ਲਿਖਿਆ - ਹਮੇਸ਼ਾ ਦੀ ਤਰ੍ਹਾਂ ਛਾਈ ਹੋਈ ਹੈ। ਉਥੇ ਹੀ ਪ੍ਰਿਅੰਕਾ ਚੋਪੜਾ ਜੋਨਸ ਨੇ ਇਮੋਜ਼ੀ ਰਾਹੀਂ ਕਰੀਨਾ ਦੀ ਪੋਸਟ ਨੂੰ ਪਸੰਦ ਕੀਤਾ ਹੈ।**

## ਮੀਕਾ ਦੇ ਗਾਣੇ ਦਾ ਹੁਣ ਕੇਆਰਕੇ ਵੀ ਦੇਣਗੇ ਜਵਾਬ

**ਨਵੀਂ ਦਿੱਲੀ।** ਫਿਲਮੀ ਅਦਾਕਾਰ ਕੇਆਰਕੇ (ਕਮਾਲ ਆਰ ਖ਼ਾਨ) ਦਾ ਇਨ੍ਹਾਂ ਦਿਨਾਂ ’ਚ ਮਸ਼ਹੂਰ ਪੰਜਾਬੀ ਤੇ ਬਾਲੀਵੁੱਡ ਗਾਇਕ ਮੀਕਾ ਸਿੰਘ ਨਾਲ ਕਾਫੀ ਵਿਵਾਦ ਚੱਲ ਰਿਹਾ ਹੈ। ਅਦਾਕਾਰ ਸਲਮਾਨ ਖ਼ਾਨ ਦੀ ਫਿਲਮ ਨੂੰ ਲੈ ਕੇ ਸ਼ੁਰੂ ਹੋਏ ਇਸ ਵਿਵਾਦ ’ਚ ਹੁਣ ਇਹ ਦੋਵੇਂ ਇਕ-ਦੂਜੇ ’ਤੇ ਨਿੱਜੀ ਦੋਸ਼ ਲੱਗਾ ਰਹੇ ਹਨ। ਬੀਤੇ ਦਿਨੀ ਮੀਕਾ ਸਿੰਘ ਨੇ ਕੇਆਰਕੇ ਦੇ ਉੱਤਰ ਗਾਣਾ ਬਣਾਇਆ, ਜਿਸ ਦਾ ਨਾਂ ਕੇਆਰਕੇ ਕੁੱਤਾ’ ਹੈ। ਹੁਣ ਮੀਕਾ ਸਿੰਘ ਦੇ ਇਸ ਗਾਣੇ ਦਾ ਜਵਾਬ ਦੇਣ ਲਈ ਕੇਆਰਕੇ ਨੇ ਵੀ ਉਨ੍ਹਾਂ ’ਤੇ ਗਾਣਾ ਬਣਾਉਣਾ ਦਾ ਫ਼ੈਸਲਾ ਕੀਤਾ ਹੈ। ਇਸ ਗੱਲ ਦੀ ਜਾਣਕਾਰੀ ਦੇ ਟਵਿੱਟਰ ਹੈਂਡਲ ਵੱਲੋਂ ਦਿੱਤੀ ਗਈ ਹੈ। ਇਸ ਟਵਿੱਟਰ ਹੈਂਡਲ ਨੂੰ ਕੇਆਰਕੇ ਚਲਾਉਂਦੇ ਹਨ। ਮੀਕਾ ਸਿੰਘ ਦੇ ਗਾਣੇ ਦੇ ਪਲਟਵਾਰ ’ਚ ਕੇਆਰਕੇ ਨੇ ਗਾਣੇ ਦਾ ਨਾਂ ‘’ ਹੋਵ-ੇਗਾ। ਨੇ ਆਪਣੇ ਟਵੀਟ ’ਚ ਲਿਖਿਆ, ‘’ ਗਾਣਾ ਜਲਦ ਆਉਣ ਵਾਲਾ ਹੈ! ਤੇ ਅਸੀਂ ਇਸ ਗਾਣੇ ਨੂੰ ਮੀਕਾ ਸਿੰਘ ਨੂੰ ਸਮਰਪਿਤ ਕੀਤਾ ਹੈ! ਜਿਵੇਂ ਦੀ ਕਰਨੀ ਉਵੇਂ ਦੀ ਭਰਨੀ।’



## ਵਿਰਾਟ ਕੋਹਲੀ ਦੱਸ ਸਕਦੇ ਹਨ ਕਿ ਵਰਲਡ ਟੈਸਟ ਚੈਂਪੀਅਨਾਸ਼ਿਪ ਤੇ ਵਿਸ਼ਵ ਕੱਪ ਇਕ ਸਮਾਨ ਹੈ ਜਾਂ ਨਹੀਂ: ਯੁਵਰਾਜ ਸਿੰਘ

ਨਵੀਂ ਦਿੱਲੀ: ਭਾਰਤ ਦੇ ਸਾਬਕਾ ਬੱਲੇਬਾਜ਼ ਯੁਵਰਾਜ ਸਿੰਘ ਦਾ ਮੰਨਣਾ ਹੈ ਕਿ ਨਿਊਜ਼ੀਲੈਂਡ ਦੀ ਟੀਮ ਨੂੰ ਸਾਊਥੈਂਪਟਨ ਦੇ ਏਜੇਸ ਬਾਊਲ ਵਿਖੇ ਵਰਲਡ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ 'ਚ ਫਾਇਦਾ ਹੋਇਆ ਹੈ। ਕਿਉਂਕਿ ਕੀਵਿਸ ਇੰਗਲੈਂਡ ਵਿਚ ਇਕ ਟੈਸਟ ਸੀਰੀਜ਼ ਖੇਡਦਾ ਹੈ। ਹਾਲਾਂਕਿ ਯੁਵਰਾਜ ਨੇ ਵਿਰਾਟ ਕੋਹਲੀ ਦੀ ਅਗਵਾਈ ਵਾਲੀ ਭਾਰਤੀ ਟੀਮ ਨੂੰ ਵੀ ਜਿੱਤ ਦਾ ਦਾਅਵੇਦਾਰ ਦੱਸਿਆ ਹੈ ਤੇ ਕਿਹਾ ਹੈ ਕਿ ਭਾਰਤੀ ਟੀਮ 'ਚ ਮੈਚ ਜਿੱਤਣ ਵਾਲੇ ਬਹੁਤ ਸਾਰੇ ਖਿਡਾਰੀ ਹਨ ਜੋ ਖੇਡ ਨੂੰ ਬਦਲ ਸਕਦੇ ਹਨ।



ਇਕ ਇੰਟਰਵਿਊ 'ਚ ਯੁਵਰਾਜ ਸਿੰਘ ਨੇ ਡਬਲਯੂਟੀਸੀ ਦੇ ਫਾਈਨਲਜ਼ ਤੋਂ ਆਪਣੀਆਂ ਉਮੀਦਾਂ ਬਾਰੇ ਗੱਲ ਕੀਤੀ। ਉਨ੍ਹਾਂ ਨੂੰ ਇਹ ਵੀ ਪੁੱਛਿਆ ਕਿ ਕੀ ਟੈਸਟ ਚੈਂਪੀਅਨਸ਼ਿਪ 50 ਓਵਰ ਦੇ ਵਿਸ਼ਵ ਕੱਪ ਦੇ ਸਮਾਨ ਵਜਨ ਰੱਖਦੀ ਹੈ? ਯੂਵੀ ਨੇ ਸਲਾਮੀ ਬੱਲੇਬਾਜ਼ ਸ਼ੁਭਮਨ ਗਿੱਲ ਬਾਰੇ ਵੀ ਗੱਲ ਕੀਤੀ ਜਿਸ ਤੋਂ ਉਨ੍ਹਾਂ ਨੂੰ ਕਾਫੀ ਉਮੀਦਾਂ ਹਨ। ਉਧਰ ਭਾਰਤੀ ਮਹਿਲਾ ਕ੍ਰਿਕਟ ਟੀਮ ਜੋ ਇਸ ਸਮੇਂ ਟੈਸਟ ਕ੍ਰਿਕਟ ਖੇਡ ਰਹੀ ਹੈ ਉਸ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਯੁਵਰਾਜ ਨੇ ਕਿਹਾ, ਯਕੀਨਨ ਮੇਰਾ ਪਸੰਦੀਦਾ ਹਮੇਸ਼ਾ ਭਾਰਤ ਰਹੇਗਾ। ਇੰਗਲੈਂਡ ਖਿਲਾਫ ਟੈਸਟ ਸੀਰੀਜ਼ ਜਿੱਤਣ ਤੋਂ ਬਾਅਦ ਨਿਊਜ਼ੀਲੈਂਡ ਨੂੰ ਫਾਇਦਾ ਹੋਇਆ ਹੈ ਉਨ੍ਹਾਂ ਕੋਲ ਪਾਰਕ 'ਚ ਵਧੇਰੇ ਸਮਾਂ ਸੀ। ਉਨ੍ਹਾਂ ਨੇ ਦੋ ਟੈਸਟ ਮੈਚ ਖੇਡੇ ਸਨ। ਉਨ੍ਹਾਂ ਕੋਲ ਉੱਥੇ ਵਧੇਰੇ ਸਮਾਂ ਸੀ ਤੇ ਭਾਰਤ ਦਾ ਇੱਥੇ ਅਭਿਆਸ ਮੈਚ ਸੀ। ਮੈਨੂੰ ਵੀ ਲੱਗਦਾ ਹੈ ਕਿ ਕ੍ਰਿਕਟ ਇਕ ਵਧੀਆ ਖੇਡ ਹੈ। ਇਕ ਦਿਨ ਜਾਂ ਇਕ ਸੈਸ਼ਨ ਖੇਡ ਨੂੰ ਬਦਲ ਸਕਦਾ ਹੈ। ਭਾਰਤ ਦੀ ਟੀਮ ਵਿਚ ਕਈ ਮੈਚ ਵਿਨਰ ਹਨ।

ਉਨ੍ਹਾਂ ਅੱਗੇ ਕਿਹਾ ਕਿ ਤੁਸੀਂ ਕਦੇ ਨਹੀਂ ਜਾਣਦੇ, ਉਮੀਦ ਹੈ ਕਿ ਇਹ ਇਕ ਰੋਮਾਂਚਕ ਟੈਸਟ ਮੈਚ ਹੋਵੇਗਾ। ਕਈ ਵਾਰ ਤੁਹਾਨੂੰ ਲੱਗਦਾ ਹੈ ਕਿ ਟੈਸਟ ਕ੍ਰਿਕਟ ਮਰ ਰਹੀ ਹੈ ਪਰ ਫਿਰ ਤੁਸੀਂ ਆਸਟਰੇਲੀਆ 'ਚ ਜਿੱਤਦੇ ਹੋਏ ਵੇਖਦੇ ਹੋ ਇਹ ਜ਼ਿੰਦਾ ਹੋ ਗਿਆ ਹੈ। ਅਸੀਂ ਵੇਖਦੇ ਹਾਂ ਕਿ ਨਿਜ਼ੀਲੈਂਡ ਨੇ ਇੰਗਲੈਂਡ ਨੂੰ ਇੰਗਲੈਂਡ 'ਚ ਹਰਾਇਆ। ਟੈਸਟ ਕ੍ਰਿਕਟ ਵਰਗਾ ਕੁਝ ਨਹੀਂ, ਸ਼ਾਇਦ ਸਭ ਤੋਂ ਵਧੀਆ ਫਾਰਮੇਟ ਮੈਂ ਜੋ ਵੇਖਿਆ ਤੇ ਮੈਂ ਖੇਡਿਆ ਉਹ ਇਹੀ ਹੈ।

## ਯੂਰੋ ਕੱਪ 'ਚ ਇਟਲੀ ਨੇ ਸਵਿਟਜ਼ਰਲੈਂਡ ਨੂੰ 3-0 ਨਾਲ ਹਰਾ ਕੇ ਆਖ਼ਰੀ 16 'ਚ ਪੁੱਜੀ



ਰੋਮ: ਇਟਲੀ ਨੇ ਆਪਣੀ ਸ਼ਾਨਦਾਰ ਖੇਡ ਦੇ ਦਮ 'ਤੇ ਯੂਰੋ ਫੁੱਟਬਾਲ ਕੱਪ ਦੇ ਮੈਚ ਵਿਚ ਸਵਿਟਜ਼ਰਲੈਂਡ ਨੂੰ 3-0 ਨਾਲ ਹਰਾ ਕੇ ਆਖ਼ਰੀ 16 ਵਿਚ ਪ੍ਰਵੇਸ਼ ਕਰ ਲਿਆ। ਮਿਡਫੀਲਡਰ ਮੈਨੂਅਲ ਲੋਕਾਟੇਲੀ ਨੇ ਦੋ ਗੋਲ ਕੀਤੇ ਜਦਕਿ ਸੀਰੋ ਇਮੋਬਾਇਲ ਨੇ ਇਕ ਗੋਲ ਕੀਤਾ। ਇਟਲੀ ਪ੍ਰੀ-ਕੁਆਰਟਰ ਫਾਈਨਲ ਵਿਚ ਪੁੱਜਣ ਵਾਲੀ ਪਹਿਲੀ ਟੀਮ ਬਣ ਗਈ ਹੈ। ਇਹ ਉਸ ਦੀ ਲਗਾਤਾਰ 10ਵੀਂ ਜਿੱਤ ਸੀ। ਵਿਸ਼ਵ ਕੱਪ 2018 ਵਿਚ ਕੁਆਲੀਫਾਈ ਕਰਨ ਵਿਚ ਨਾਕਾਮ ਰਹਿਣ ਤੋਂ ਬਾਅਦ ਇਤਾਲਵੀ ਟੀਮ ਨੇ ਸ਼ਾਨਦਾਰ ਵਾਪਸੀ ਕੀਤੀ ਹੈ। ਉਸ ਤੋਂ ਬਾਅਦ ਇਟਲੀ 29 ਮੈਚਾਂ ਵਿਚ ਅਜੇਤੂ ਰਿਹਾ ਹੈ ਤੇ 10ਵੀਂ ਵਾਰ ਵਿਰੋਧੀ ਟੀਮ ਦਾ ਸਫ਼ਾਇਆ ਕੀਤਾ ਹੈ। ਗਰੁੱਪ-ਏ ਵਿਚ ਇਟਲੀ ਛੇ ਅੰਕ ਲੈ ਕੇ ਚੋਟੀ 'ਤੇ ਹੈ। ਉਸ ਨੇ ਪਹਿਲੇ ਮੈਚ ਵਿਚ ਤੁਰਕੀ ਨੂੰ 3-0 ਨਾਲ ਹਰਾਇਆ ਸੀ। ਵੇਲਜ਼ ਚਾਰ ਅੰਕਾਂ ਨਾਲ ਦੂ ਸਥਾਨ 'ਤੇ ਹੈ ਜਿਸ ਨੇ ਤੁਰਕੀ ਨੂੰ 2-0 ਨਾਲ ਮਾਤ ਦਿੱਤੀ। ਸਵਿਟਜ਼ਰਲੈਂਡ ਦਾ ਇਕ ਅੰਕ ਹੈ ਜਦਕਿ ਤੁਰਕੀ ਨੇ ਖ਼ਾਤਾ ਨਹੀਂ ਖੋਲ੍ਹਿਆ ਹੈ। ਇਟਲੀ ਹੁਣ ਵੇਲਜ਼ ਖ਼ਿਲਾਫ਼ ਮੁਕਾਬਲੇ ਵਿਚ ਗਰੁੱਪ-ਏ ਵਿਚ ਚੋਟੀ ਵਿਚ ਰਹਿਣ ਲਈ ਲੜੇਗਾ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ ‘ਵਰਲਡ ਪੰਜਾਬੀ ਨਿਊਜ਼’ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ ‘ਵਰਲਡ ਪੰਜਾਬੀ ਨਿਊਜ਼’ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। ‘ਵਰਲਡ ਪੰਜਾਬੀ ਨਿਊਜ਼’ ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਲਾਲ ਕਿਲ੍ਹਾ ਹਿੰਸਾ ਕੇਸ ਦੀਪ ਸਿੱਧੂ ਤੇ ਹੋਰ ਦੋਸ਼ੀਆਂ ਵਿਰੁੱਧ ਦਿੱਲੀ ਪੁਲਸ ਵੱਲੋਂ ਸਪਲੀਮੈਂਟਰੀ ਚਲਾਨ ਪੇਸ਼

**ਨਵੀਂ ਦਿੱਲੀ।** ਇਸ ਸਾਲ ਗਣਤੰਤਰ ਦਿਵਸਮੌਕੇ 26 ਜਨਵਰੀ ਦੇ ਦਿਨ ਹੋਈ ਹਿੰਸਾ ਵਾਲੇ ਕੇਸ ਵਿੱਚਦਿੱਲੀ ਪੁਲਸ ਨੇ ਅਭਿਨੇਤਾ ਦੀਪ ਸਿੱਧੂ ਅਤੇ ਹੋਰਨਾਂ ਵਿਰੁੱਧ ਅੱਜ ਵੀਰਵਾਰ ਇੱਕ ਸਪਲੀਮੈਂਟਰੀਚਾਰਜਸ਼ੀਟਪੇਸ਼ ਕੀਤੀ ਹੈ। ਚੀਫ ਮੈਟਰੋਪੋਲਿਟਨ ਮੈਜਿਸਟਰੇਟ ਗਜੇਂਦਰ ਸਿੰਘ ਨਾਗਰ ਨਵੀਂਚਾਰਜਸ਼ੀਟ ਉੱਤੇ ਨੋਟਿਸ ਲੈਣ ਵਾਸਤੇ 19 ਜੂਨ ਨੂੰ ਬਾਅਦ ਦੁਪਹਿਰ 2 ਵਜੇ ਆਦੇਸ਼ ਜਾਰੀ ਕਰਨਗੇ।



ਇਸ ਸੰਬੰਧ ਵਿੱਚ ਅਦਾਲਤ ਨੇ ਕਿਹਾ, 'ਕੇਸ ਦੇ ਜਾਂਚ ਅਧਿਕਾਰੀ ਨੇ ਉਨ੍ਹਾਂ ਮੌਕੇ ਦੇ ਗਵਾਹਾਂ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ, ਜਿਹੜੇ ਹਿੰਸਾਵਿੱਚ ਗੰਭੀਰ ਜ਼ਖਮੀ ਹੋਏ ਜਾਂ ਜਿਨ੍ਹਾਂ ਤੋਂ ਹਥਿਆਰ ਖੋਹੇ ਗਏ ਸਨ। ਵਰਨਣ ਯੋਗ ਹੈ ਕਿ ਇਸ ਸਾਲ 26 ਜਨਵਰੀ ਨੂੰ ਕੇਂਦਰ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇਵਿਰੁੱਧ ਪ੍ਰਦਰਸ਼ਨਕਾਰੀ ਕਿਸਾਨਾਂਦੀ ਟਰੈਕਟਰ ਪਰੇਡਦੌਰਾਨ ਕਿਸਾਨਾਂ ਅਤੇ ਪੁਲਸ ਵਿਚਾਲੇ ਝੜਪ ਹੋ ਗਈ ਅਤੇ ਕਿਸਾਨ ਲਾਲ ਕਿਲ੍ਹੇਵਿੱਚ ਦਾਖ਼ਲ ਹੋ ਗਏ ਸਨ ਅਤੇ ਉਨ੍ਹਾਂ ਨੇ ਕਈ ਪੁਲਸ ਵਾਲਿਆਂ ਨੂੰ ਜ਼ਖਮੀ ਕਰ ਦਿੱਤਾ ਸੀ। ਇਸ ਕੇਸ ਦੀ ਜਾਂਚ ਅਪਰਾਧ ਸ਼ਾਖਾ ਕਰ ਰਹੀ ਹੈਤੇ ਉਸ ਨੇ 17 ਮਈ ਨੂੰ 3,224 ਸਫੇ ਦੀਚਾਰਜਸ਼ੀਟ ਦਾਇਰ ਕੀਤੀ ਸੀ, ਜਿਸ ਵਿੱਚ ਦੀਪਸਿੱਧੂ ਸਣੇ 16 ਦੋਸ਼ੀਆਂ ਵਿਰੁੱਧਕੇਸ ਚਲਾਉਣ ਦੀ ਅਪੀਲ ਕੀਤੀ ਸੀ। ਹਿੰਸਾ ਦੇਮੁੱਖ ਸਾਜਿਸ਼ਕਰਤਾ ਦੀਪਸਿੱਧੂ ਨੂੰ 9 ਫਰਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀਤੇ ਪੁਲਸ ਨੇ ਉਸ ਉੱਤੇ ਲਾਲ ਕਿਲ੍ਹੇਵਿੱਚਹਿੰਸਾ ਭੜਕਾਉਣ ਦਾ ਦੋਸ਼ ਲਾਇਆ ਸੀ।

# ਕਿਸਾਨੀ ਗੇੜੀ 'ਤੇ ਨਿਕਲੇ ਚੰਦੂਮਾਜਰਾ ਨੂੰ ਕਿਸਾਨਾਂ ਨੇ ਘੇਰਿਆ

**ਪਟਿਆਲਾ।** ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਅੱਜ ਖੇਤੀ ਵਿਰੋਧੀ ਕਾਨੂੰਨਾਂ ਤੋਂ ਤਪੇ ਕਿਸਾਨਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਿਆ। ਕਿਸਾਨਾਂ ਦਾ ਅਜਿਹਾ ਵਿਰੋਧ ਸਹਿਣ ਵਾਲੇ ਚੰਦੂਮਾਜਰਾ ਪਲੇਠੇ ਅਕਾਲੀ ਆਗੂ ਹਨ। ਘਨੌਰ ਅਸੈਂਬਲੀ ਸੀਟ 'ਤੇ ਰੱਖੀ ਅੱਖ ਦੇ ਚਲਦਿਆਂ ਉਹ ਅੱਜ ਘਨੌਰ ਹਲਕੇ ਦੇ ਗੁਰਦੁਆਰਾ ਨਿੰਮ ਸਾਹਿਬ ਆਕੜ ਵਿਖੇ ਅਕਾਲੀ ਅਤੇ ਬਸਪਾ ਕਾਰਕੁਨਾਂ ਨਾਲ ਮੀਟਿੰਗ ਕਰ ਰਹੇ ਸਨ। ਇਸ ਦੌਰਾਨ ਕਿਸਾਨਾਂ ਨੂੰ ਮੀਟਿੰਗ ਬਾਰੇ ਪਤਾ ਅੱਗਾ ਤਾਂ ਧਰੇੜੀ ਜੱਟਾਂ ਟੌਲ ਪਲਾਜ਼ੇ 'ਤੇ ਪੱਕਾ ਧਰਨਾ ਲਾਈ ਬੈਠੇ ਕਿਸਾਨ ਕਾਲੀਆਂ ਝੰਡੀਆਂ ਨਾਲ ਲੈਸ ਹੋ ਕੇ ਇਥੇ ਪੁੱਜ ਗਏ। ਕਿਸਾਨਾਂ ਨੇ ਕਾਂਗਰਸੀਆਂ ਤੇ ਅਕਾਲੀਆਂ ਨੂੰ ਲੰਮੇ ਹੱਥੀਂ ਲੈਂਦਿਆਂ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ ਨੇ ''ਚਿੱਟੇ ਬਗਲੇ ਨੀਲੇ ਮੋਰ, ਉਹ ਵੀ ਚੋਰ ਤੇ ਇਹ ਵੀ ਚੋਰ'' ਵਰਗੇ ਨਾਅਰੇ ਲਾਏ, ਜਿਸ ਕਰਕੇ ਇੱਕ ਵਾਰ ਮਾਹੌਲ ਤਣਾਅਪੂਰਣ ਬਣ ਗਿਆ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਤੇ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨਾਲ ਸਬੰਧਤ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਸੁਰਿੰਦਰਪਾਲ ਗੌਸਪੁਰਾ, ਇੰਦਰਮੋਹਣ ਘੁਮਾਣਾ, ਰਾਜਿੰਦਰ ਕੌਰ ਅਤੇ ਜਸਵਿੰਦਰ ਕੌਰ ਦੌਣਕਲਾਂ ਆਦਿ ਕਰ ਰਹੇ ਸਨ। ਕਿਸਾਨਾਂ ਦੀ ਆਮਦ ਦਾ ਪਤਾ ਲੱਗਦਿਆਂ ਹੀ ਚੰਦੂਮਾਜਰਾ ਮੀਟਿੰਗ ਵਿਚਾਲੇ ਛੱਡ ਕੇ ਉਥੋਂ ਚਲੇ ਗਏ। ਇਸ ਦੌਰਾਨ ਕਈ ਹੋਰਨਾਂ ਨਾਲ ਬਾਹਰ ਆਏ ਅਕਾਲੀ ਆਗੂ ਨਰਦੇਵ ਆਕੜੀ ਕਿਸਾਨਾਂ ਨਾਲ ਗੱਲਬਾਤ ਕਰਨ ਲੱਗੇ ਤਾਂ ਦੋਵਾਂ ਧਿਰਾਂ ਵਿੱਚ ਭਖਵੀਂ ਬਹਿਸ ਵੀ ਹੋਈ। ਨਰਦੇਵ ਆਕੜੀ ਨੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਅਸਤੀਫ਼ੇ ਸਮੇਤ ਕਈ ਹੋਰ ਦਲੀਲਾਂ ਸਹਿਤ ਅਕਾਲੀ ਦਲ ਦੇ ਕਿਸਾਨ ਹਿਤੈਸ਼ੀ ਹੋਣ ਬਾਰੇ ਪੱਖ ਰੱਖਿਆ। ਦੂਜੇ ਪਾਸੇ ਕਿਸਾਨਾਂ, ਖਾਸ ਕਰਕੇ ਕਿਸਾਨ ਬੀਬੀ ਰਾਜਿੰਦਰ ਕੌਰ ਦੌਣਕਲਾਂ ਨੇ ਤਾਹਨੇ ਮਿਹਣੇ ਮਾਰਦਿਆਂ, ਕਿਹਾ ਕਿ ਕਾਨੂੰਨ ਬਣਵਾਉਣ ਮਗਰੋਂ ਅਸਤੀਫ਼ਾ ਦੇਣ ਨਾਲ ਅਕਾਲੀ ਕਾਨੂੰਨ ਸਮਰਥਕ ਹੋਣ ਤੋਂ ਸੁਰਖਰੂ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਕਈ ਮਹੀਨਿਆਂ ਤੋਂ ਧਰੇੜੀ ਟੌਲ ਪਲਾਜ਼ੇ 'ਤੇ ਧਰਨਾ ਮਾਰ ਕੇ ਬੈਠੀਆਂ ਬੀਬੀਆਂ ਦੀ ਅਕਾਲੀਆਂ ਨੇ ਕਦੇ ਸਾਰ ਵੀ ਨਹੀਂ ਲਈ। ਅੱਜ ਵੋਟਾਂ ਦੀ ਖਾਤਰ ਮੀਟਿੰਗਾਂ ਕਰਨ ਪੁੱਜ ਗਏ ਹਨ। ਕਿਸਾਨਾਂ ਨੇ ਤਿੰਨੋਂ ਖੇਤੀ ਕਾਨੂੰਨ ਰੱਦ ਹੋਣ ਤੱਕ ਕਿਸੇ ਨੂੰ ਵੀ ਰਾਜਸੀ ਮੀਟਿੰਗਾਂ ਨਾ ਕਰਨ ਦੇਣ ਦਾ ਐਲਾਨ ਵੀ ਕੀਤਾ। ਬਹਿਸ ਦੌਰਾਨ ਅਕਾਲੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਜ਼ੁੰਮੇਵਾਰ ਦੱਸਦਿਆਂ ਉਨ੍ਹਾਂ ਕਿਹਾ ਕਿ ਹੁਣ ਰਾਜਸੀ ਸਰਗਰਮੀਆਂ ਲਈ ਗੁਰਦੁਆਰਿਆਂ ਦਾ ਸਹਾਰਾ ਲਿਆ ਜਾ ਰਿਹਾ ਹੈ। ਇਸ ਮਗਰੋਂ ਕਿਸਾਨ ਭਾਵੇਂ ਵਾਪਸ ਪਰਤ ਗਏ, ਪਰ ਉਹ ਆਖ ਰਹੇ ਸਨ ਕਿ ਖੇਤੀ ਕਾਨੂੰਨਾਂ ਦੇ ਨਿਪਟਾਰੇ ਤੱਕ ਰਾਜਸੀ ਮੀਟਿੰਗਾਂ ਨਹੀਂ ਹੋਣ ਦੇਣਗੇ।



# ਟੋਲ ਪਲਾਜ਼ਾ ਉੱਤੇ ਧਰਨੇ ਵਿੱਚ ਕਿਸਾਨ ਵੱਲੋਂ ਜ਼ਹਿਰ ਖਾ ਕੇ ਖ਼ੁਦਕੁਸ਼ੀ

**ਜੀਂਦ।** ਹਰਿਆਣਾ ਦੇ ਜੀਂਦ ਖਟਕੜ ਟੋਲ ਪਲਾਜ਼ਾ ਉੱਤੇ ਧਰਨੇ ਵਿੱਚ ਕਿਸਾਨ ਨੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ ਹੈ। ਸੂਚਨਾ ਮਿਲਣ ਉੱਤੇ ਉਚਾਣਾ ਥਾਣੇ ਦੀ ਪੁਲਸ ਮੌਕੇ ਉੱਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਟੋਲ ਉੱਤੇ ਮੌਜੂਦ ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰ ਰਹੀ, ਜਿਸ ਕਾਰਨਮਰਨ ਵਾਲਾ ਕਿਸਾਨ ਸਰਕਾਰ ਦੇ ਇਸ ਰਵਈਏ ਤੋਂ ਦੁਖੀ ਸੀ। ਉਚਾਣਾ ਦੇ ਥਾਣਾ ਮੁੱਖੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਕਿਸਾਨ ਦੇ ਪਰਵਾਰ ਨੂੰ ਬੁਲਾਇਆ ਗਿਆ ਹੈ। ਉਨ੍ਹਾਂ ਦੇ ਬਿਆਨ ਦਰਜ ਕਰਨ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਲੰਬੇ ਸਮੇਂ ਤੋਂ ਖਟਕੜ ਟੋਲ ਪਲਾਜ਼ਾ ਉੱਤੇ ਕਿਸਾਨਾਂ ਦਾ ਧਰਨਾ ਜਾਰੀ ਹੈ। ਪਿੰਡ ਖਟਕੜ ਦੇ ਵਾਸੀ ਪਾਲੇਰਾਮ (55) ਨੇ ਜ਼ਹਿਰੀਲਾ ਪਦਾਰਥ ਖਾ ਕੇ ਖ਼ੁਦਕੁਸ਼ੀ ਕਰ ਲਈ ਤਾਂ ਇਸ ਦਾ ਓਦੋਂ ਪਤਾ ਲੱਗਾ, ਜਦੋਂ ਪਾਲੇਰਾਮ ਕਾਫ਼ੀ ਸਮੇਂ ਉਠੇਨਹੀਂ। ਕਿਸਾਨ ਜਦੋਂ ਓਥੇ ਪਹੁੰਚੇ ਤਾਂ ਪਾਲੇ ਰਾਮ ਮ੍ਰਿਤਕ ਹਾਲਤ ਵਿੱਚ ਮਿਲੇਤੇ ਉਨ੍ਹਾਂ ਕੋਲ ਜ਼ਹਿਰੀਲੇ ਪਦਾਰਥ ਦੀ ਬੋਤਲ ਪਈ ਸੀ। ਪਾਲੇਰਾਮ ਅੰਦੋਲਨ ਕਰ ਰਹੇ ਕਿਸਾਨਾਂ ਲਈ ਪਿਛਲੇ ਛੇ ਮਹੀਨੇ ਤੋਂ ਚਾਹ ਬਣਾਉਂਦੇ ਆ ਰਹੇ ਸਨ। ਕਿਸਾਨ ਆਗੂ ਸਤਬੀਰ ਪਹਿਲਵਾਨ ਨੇ ਕਿਹਾ ਕਿ ਕਿਸਾਨ ਪਾਲੇਰਾਮ ਇਸ ਗੱਲ ਤੋਂ ਨਾਰਾਜ਼ ਸੀ ਕਿ ਸਰਕਾਰ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਲਈ ਕੁਝ ਨਹੀਂ ਕਰ ਰਹੀ। ਇਸ ਕਾਰਨ ਉਹ ਮਾਨਸਿਕ ਰੂਪ ਤੋਂ ਪਰੇਸ਼ਾਨ ਵੀ ਸਨ। ਉਨ੍ਹਾਂ ਨੇ ਦੱਸਿਆ ਕਿ ਕੁਝ ਕਿਸਾਨ ਕੱਲ੍ਹ ਦਿੱਲੀ ਦੇ ਧਰਨੇ ਵਿੱਚ ਸ਼ਾਮਲ ਹੋਣ ਗਏ ਸਨ। ਜਦੋਂ ਉਨ੍ਹਾਂ ਨੇ ਵਾਪਸ ਆ ਕੇ ਸਰਕਾਰ ਦੇ ਕਿਸਾਨਾਂ ਪ੍ਰਤੀ ਰਵਈਏ ਬਾਰੇ ਦੱਸਿਆ ਤਾਂ ਪਾਲੇਰਾਮ ਹੋਰ ਪਰੇਸ਼ਾਨ ਹੋ ਗਏ। ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਕੱਲ੍ਹ ਰਾਤ ਨੂੰ ਇਸੇ ਤਣਾਅ ਦੇ ਕਾਰਨ ਉਨ੍ਹਾਂ ਨੇ ਜ਼ਹਿਰੀਲਾ ਪਦਾਰਥ ਖਾ ਕੇ ਖ਼ੁਦਕੁਸ਼ੀ ਕਰ ਲਈ।

# ਹਾਈ ਕਮਾਨ ਦੇ ਫੈਸਲੇ ਤੋਂ ਪਹਿਲਾਂ ਸਿੱਧੂ ਦੇ ਹੱਕ 'ਚ ਲੱਗੇ ਪੋਸਟਰ

**ਅੰਮ੍ਰਿਤਸਰ।** ਪੰਜਾਬ ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਚਲ ਰਹੀ ਖਿੱਚੋਤਾਨ ਬਾਰੇ ਕਾਂਗਰਸ ਹਾਈ ਕਮਾਨ ਦਾ ਹਾਲੇ ਕੋਈ ਫੈਸਲਾ ਨਹੀਂ ਆਇਆ ਹੈ ਪਰ ਇਥੇ ਨਵਜੋਤ ਸਿੰਘ ਸਿੱਧੂ ਦੇ ਸਮਰਥਨ ਵਿੱਚ ਅਜਿਹੇ ਪੋਸਟਰ ਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ਉਸ ਨੂੰ 2022 ਦਾ ਕੈਪਟਨ ਆਖਿਆ ਜਾ ਰਿਹਾ। ਅੱਜ ਇਥੇ ਵਾਰਡ ਨੰਬਰ 21 ਦੇ ਇਲਾਕੇ ਵਿੱਚ ਕੌਂਸਲਰ ਪਰਮਿੰਦਰ ਕੌਰ ਹੁੰਦਲ ਦੇ ਨਾਂਅ ਹੇਠ ਅਜਿਹੇ ਪੋਸਟਰ ਲਾਏ ਗਏ ਹਨ। ਇਨ੍ਹਾਂ 'ਤੇ ਲਿਖਿਆ ਹੋਇਆ ਹੈ ਕਿ 'ਫਤਿਹ ਕਰਕੇ ਬਣਾਵਾਂਗੇ ਸਰਕਾਰ, 2022 ਦਾ ਹੋਵੇਗਾ ਸਿੱਧੂ ਸਿਰ ਤਾਜ' , ਪੰਜਾਬ ਦਾ ਕੈਪਟਨ ਸਿੱਧੂ' ਨਾਮੀ ਹੋਰਡਿੰਗ ਲਾਏ ਗਏ ਹਨ। ਇਸ ਤੋਂ ਪਹਿਲਾਂ ਨਗਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਹੋਰਡਿੰਗ ਲਾਏ ਗਏ ਸਨ, ਜਿਨ੍ਹਾਂ ਵਿੱਚ ਲਿਖਿਆ ਗਿਆ ਸੀ ਕਿ ਪੰਜਾਬ ਦਾ ਇਕ ਹੀ ਕੈਪਟਨ , ਕੈਪਟਨ ਫਾਰ 2022 ਅਤੇ ਕੈਪਟਨ ਇਕ ਹੀ ਹੁੰਦਾ ਹੈ। ਦੋਵਾਂ ਆਗੂਆਂ ਦੇ ਇਹ ਪੋਸਟਰ ਇਥੇ ਕਈ ਥਾਵਾਂ 'ਤੇ ਇਕੱਠੇ ਵੀ ਲੱਗੇ ਹੋਏ ਹਨ।

ਹੋਰਡਿੰਗ ਲਾਉਣ ਵਾਲੇ ਜਾਟ ਮਹਾ ਸਭਾ ਦੇ ਆਗੂ ਮਾਸਟਰ ਹਰਪਾਲ ਸਿੰਘ ਨੇ ਆਖਿਆ ਕਿ ਇਹ ਪੋਸਟਰ ਸ੍ਰੀ ਸਿੱਧੂ ਨਾਲ ਉਨ੍ਹਾਂ ਦੇ ਪਿਆਰ, ਸਤਿਕਾਰ ਅਤੇ ਨੇੜਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਆਖਿਆ ਕਿ ਜਿਵੇ ਮੇਅਰ ਵੱਲੋਂ ਕੈਪਟਨ ਅਮਰਿੰਦਰ ਸਿੰਘ ਨਾਲ ਆਪਸੀ ਨੇੜਤਾ ਕਰਕੇ ਉਨ੍ਹਾਂ ਦੇ ਹੱਕ ਵਿਚ ਹੋਰਡਿੰਗ ਲਾਏ ਸਨ, ਇਸੇ ਤਰ੍ਹਾਂ ਉਸ ਨੇ ਵੀ ਸ੍ਰੀ ਸਿੱਧੂ ਨਾਲ ਨੇੜਤਾ ਦਿਖਾਉਣ ਲਈ ਇਹ ਹੋਰਡਿੰਗ ਲਾਏ ਹਨ। ਨਵਜੋਤ ਸਿੰਘ ਸਿੱਧੂ ਦੀ ਗੁੰਮਸ਼ੁਦਗੀ ਸਬੰਧੀ ਲੱਗੇ ਪੋਸਟਰਾਂ ਬਾਰੇ ਉਨ੍ਹਾਂ ਆਖਿਆ ਕਿ ਸ੍ਰੀ ਸਿੱਧੂ ਠੀਕ ਨਹੀਂ ਹਨ ਅਤੇ ਇਸ ਲਈ ਆਪਣੇ ਪਟਿਆਲਾ ਸਥਿਤ ਘਰ ਵਿਚ ਰਹਿ ਕੇ ਆਪਣਾ ਇਲਾਜ ਕਰਵਾ ਰਹੇ ਹਨ। ਉਹ ਜਲਦੀ ਪਰਤ ਆਉਣਗੇ। ਉਨ੍ਹਾਂ ਆਖਿਆ ਕਿ ਅਜਿਹੇ ਪੋਸਟਰ ਲਾਉਣ ਵਿੱਚ ਕੋਈ ਬੁਰਾਈ ਨਹੀਂ ਹੈ। ਸਿੱਧੂ ਨੂੰ ਕੈਪਟਨ ਲਿਖਣ ਬਾਰੇ ਆਪਣਾ ਤਰਕ ਦਿੰਦਿਆ ਉਸ ਨੇ ਆਖਿਆ ਕਿ ਜਿਵੇਂ ਫੌਜ ਦੀ ਨੌਕਰੀ ਵੇਲੇ ਅਮਰਿੰਦਰ ਸਿੰਘ ਕੈਪਟਨ ਸਨ, ਉਸੇ ਤਰ੍ਹਾਂ ਕ੍ਰਿਕਟ ਟੀਮ ਵਿੱਚ ਸਿੱਧੂ ਵੀ ਕੈਪਟਨ ਰਹੇ ਹਨ। ਉਨ੍ਹਾਂ ਆਖਿਆ ਕਿ ਸਿੱਧੂ ਆਪਣੇ ਰੁਤਬੇ ਮੁਤਾਬਕ ਕਾਂਗਰਸ ਵਿਚ ਵੱਡਾ ਅਹੁਦਾ ਪ੍ਰਾਪਤ ਕਰਨ ਦਾ ਹੱਕ ਰੱਖਦੇ ਹਨ।




ਇਥੇ ਚੱਲ ਰਹੀ ਪੋਸਟਰ ਜੰਗ ਨੇ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਦਾ ਅੰਦਰੂਨੀ ਕਲੇਸ਼ ਫਿਲਹਾਲ ਜਾਰੀ ਹੈ। ਦੱਸਣਯੋਗ ਹੈ ਕਿ ਕਾਂਗਰਸ ਹਾਈ ਕਮਾਂਡ ਵਲੋ ਇਨਾਂ ਦੋਵਾਂ ਦੀ ਆਪਸੀ ਅੰਦਰੂਨੀ ਜੰਗ ਨੂੰ ਖ਼ਤਮ ਕਰਨ ਲਈ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਹੈ। ਇਹ ਕਮੇਟੀ ਦੋਵਾਂ ਧਿਰਾਂ ਦੇ ਸਮਰਥਕਾਂ ਸਮੇਤ ਸ੍ਰੀ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰ ਚੁੱਕੀ ਹੈ। ਇਸ ਕਮੇਟੀ ਆਪਣੀ ਰਿਪੋਰਟ ਕਾਂਗਰਸ ਹਾਈ ਕਮਾਨ ਨੂੰ ਸੌਂਪ ਚੁੱਕੀ ਹੈ ਅਤੇ ਹੁਣ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ। ਇਹ ਵੀ ਪਤਾ ਲਗਾ ਹੈ ਕਿ ਕਾਂਗਰਸ ਹਾਈ ਕਮਾਨ ਵੱਲੋਂ ਦੋਵਾਂ ਆਗੂਆਂ ਨੂੰ 20 ਜੂਨ ਨੂੰ ਦਿਲੀ ਸੱਦਿਆ ਗਿਆ ਹੈ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਵੱਲੋਂ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਵਿੱਢੀ ਗਈ ਸ਼ਬਦੀ ਜੰਗ ਵੀ ਹੁਣ ਪਹਿਲੀ ਜੂਨ ਤੋਂ ਬੰਦ ਹੈ।

# ਅਕਾਲੀ ਦਲ-ਬਸਪਾ ਵੱਲੋਂ ਬਿੱਟੂ ਖ਼ਿਲਾਫ਼ ਪ੍ਰਦਰਸ਼ਨ

**ਲੁਧਿਆਣਾ।** ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਗਠਜੋੜ ਸਮੇਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਦਿੱਤੇ ਗਏ ਬਿਆਨ 'ਤੇ ਹੁਣ ਸਿਆਸਤ ਭਖ਼ਣੀ ਸ਼ੁਰੂ ਹੋ ਗਈ ਹੈ, ਇਸ ਮੁੱਦੇ 'ਤੇ ਅੱਜ ਲੁਧਿਆਣਾ ਵਿੱਚ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਨੇ ਪ੍ਰਦਰਸ਼ਨ ਕੀਤਾ। ਅਕਾਲੀ ਦਲ ਤੇ ਬਸਪਾ ਦੇ ਸੀਨੀਅਰ ਆਗੂਆਂ ਨੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਖ਼ਿਲਾਫ਼ ਪੁਲੀਸ ਕਮਿਸ਼ਨਰ ਰਾਕੇਸ਼ ਅਗਰਵਾਲ ਨੂੰ ਲਿਖਤੀ ਸ਼ਿਕਾਇਤ ਦਿੱਤੀ ਤੇ ਬਿੱਟੂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ।

ਅੱਜ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਪਾਰਟੀ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਪੁਲੀਸ ਕਮਿਸ਼ਨਰ ਰਾਕੇਸ਼ ਅਗਰਵਾਲ ਨਾਲ ਮੁਲਾਕਾਤ ਕੀਤੀ ਅਤੇ ਰਵਨੀਤ ਬਿੱਟੂ ਖ਼ਿਲਾਫ਼ ਐੱਸਸੀ ਤੇ ਐੱਸਟੀ ਐਕਟ ਤਹਿਤ ਕੇਸ ਦਰਜ ਕਰ ਬਿੱਟੂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਦਲਜੀਤ ਚੀਮਾ ਨੇ ਸਾਫ਼ ਕੀਤਾ ਕਿ ਜੇਕਰ ਬਿੱਟੂ ਖ਼ਿਲਾਫ਼ ਕਾਰਵਾਈ 'ਚ ਦੇਰੀ ਹੋਈ ਤਾਂ ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਦੀ ਸਾਂਝੀ ਬੈਠਕ ਕਰਕੇ ਅਗਲੀ ਰਣਨੀਤੀ ਉਲੀਕੀ ਜਾਵੇਗੀ। ਚੀਮਾ ਨੇ ਕਿਹਾ ਕਿ ਬਿੱਟੂ ਨੇ 300 ਕਰੋੜ ਰੁਪਏ ਦੇ ਚੋਣ ਫੰਡ ਦੀ ਝੂਠੀ ਕਹਾਣੀ ਬਣਾ ਕੇ ਬਸਪਾ ਸੁਪਰੀਮੋ ਮਾਇਆਵਤੀ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਮਹੇਸ਼ ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਪਵਨ ਕੁਮਾਰ ਟੀਨੂੰ, ਸ਼ਰਨਜੀਤ ਸਿੰਘ ਢਿੱਲੋਂ, ਦਰਸ਼ਨ ਸਿੰਘ ਸ਼ਿਵਾਲਿਕ, ਹਰਚਰਨ ਸਿੰਘ ਗੋਹਲਵੜੀਆ, ਰਣਜੀਤ ਸਿੰਘ ਢਿੱਲੋਂ, ਹਰੀਸ਼ ਰਾਏ ਢਾਂਡਾ, ਸਤੀਸ਼ ਮਲਹੋਤਰਾ ਅਤੇ ਵਿਪਨ ਸੂਦਾ ਕਾਕਾ ਮੌਜੂਦ ਸਨ।

**ਭੁੱਖ ਹੜਤਾਲ 'ਤੇ ਬੈਠੇ 'ਆਪ' ਆਗੂ :** ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਬਿਆਨ ਖ਼ਿਲਾਫ਼ ਅੱਜ ਆਮ ਆਦਮੀ ਪਾਰਟੀ ਨੇ ਵੀ ਰੋਸ ਪ੍ਰਦਰਸ਼ਨ ਕੀਤਾ। ਇੱਥੇ ਵਜ਼ੀਫ਼ਾ ਘੁਟਾਲੇ ਸਬੰਧੀ ਚੱਲ ਰਹੇ ਧਰਨੇ 'ਚ ਪੁੱਜੇ 'ਆਪ' ਦੇ ਸੀਨੀਅਰ ਆਗੂ ਤੇ ਪੰਜਾਬ ਵਿਧਾਨ ਸਭਾ 'ਚ ਨੇਤਾ ਵਿਰੋਧੀ ਧਿਰ ਹਰਪਾਲ ਚੀਮਾ ਤੇ ਉਪ ਨੇਤਾ ਵਿਧਾਇਕ ਸਰਬਜੀਤ ਕੌਰ ਮਾਣੂੰਕੇ, ਪ੍ਰੋ. ਬਲਜਿੰਦਰ ਕੌਰ ਤੇ ਜਗਤਾਰ ਸਿੰਘ ਹਿੱਸੋਵਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਇਤਿਹਾਸ ਰਿਹਾ ਹੈ ਕਿ ਉਹ ਸਮਾਜ ਨੂੰ ਧਰਮ ਤੇ ਜਾਤੀ ਦੇ ਨਾਮ 'ਤੇ ਵੰਡ ਕੇ ਰਾਜਨੀਤੀ ਕਰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਵੱਲੋਂ ਪੰਜਾਬ ਦੀਆਂ ਕੁਝ ਵਿਧਾਨ ਸਭਾ ਸੀਟਾਂ ਨੂੰ ਪਵਿੱਤਰ ਅਤੇ ਅਪਵਿੱਤਰ ਕਹਿਣ ਦੀ ਆਮ ਆਦਮੀ ਪਾਰਟੀ ਸਖਤ ਸ਼ਬਦਾਂ 'ਚ ਨਿਖੇਧੀ ਕਰਦੀ ਹੈ। ਇਸ ਦੌਰਾਨ ਭੁੱਖ ਹੜਤਾਲ 'ਤੇ ਬੈਠੇ ਸਰਬਜੀਤ ਕੌਰ ਮਾਣੂੰਕੇ ਤੇ ਐੱਸਸੀ ਵਿੰਗ ਦੇ ਸੂਬਾ ਉਪ ਪ੍ਰਧਾਨ ਜੀਵਨ ਸਿੰਘ ਸੰਗੋਵਾਲ ਨੇ ਜੇਕਰ ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ 'ਚ ਗੰਭੀਰ ਹੁੰਦੇ ਤਾਂ ਬਿੱਟੂ ਵੱਲੋਂ ਦਿੱਤੇ ਬਿਆਨ ਦੀ ਨਿਖੇਧੀ ਕਰਦੇ ਅਤੇ ਉਸ ਖ਼ਿਲਾਫ਼ ਸਖਤ ਕਾਰਵਾਈ ਕਰਦੇ।



# ਭਾਰਤ ਅਤੇ ਪਾਕਿ ਸਰਕਾਰਾਂ 'ਤੇ ਸਿੱਖ ਭਾਵਨਾਵਾਂ ਨੂੰ ਅਣਡਿੱਠਾ ਕਰਨ ਦਾ ਦੋਸ਼

**ਅੰਮ੍ਰਿਤਸਰ।** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੋਸ਼ ਲਾਇਆ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਸਿੱਖ ਭਾਵਨਾਵਾਂ ਨੂੰ ਅਣਡਿੱਠਾ ਕਰ ਰਹੀਆਂ ਹਨ। ਉਨ੍ਹਾਂ ਇਹ ਪ੍ਰਤੀਕਰਮ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਜਾਣ ਦੀ ਆਗਿਆ ਨਾ ਦਿੱਤੇ ਜਾਣ 'ਤੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਥੇ ਨੂੰ ਰੋਕਣ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਅੱਜ ਇੱਥੇ ਵਜ਼ੀਫ਼ਾ ਵੰਡ ਸਮਾਗਮ ਵਿੱਚ ਸ਼ਾਮਲ ਹੋਣ ਪੁੱਜੇ ਬੀਬੀ ਜਗੀਰ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਸਿੱਖ ਜਥੇ ਨੂੰ ਇਜਾਜ਼ਤ ਨਾ ਦੇਣ ਨਾਲ ਸਿੱਖ ਸੰਗਤ ਦੇ ਹਿਰਦਿਆਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨਾ ਸੀ ਤਾਂ ਵੀਜ਼ਾ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਸੀ। ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਭਾਰਤ ਸਰਕਾਰ ਨੇ ਨਨਕਾਣਾ ਸਾਹਿਬ ਸਾਕੇ ਦੇ ਸੌ ਸਾਲਾ ਮੌਕੇ ਜਥੇ 'ਤੇ ਪਾਬੰਦੀ ਲਗਾਈ ਸੀ ਅਤੇ ਹੁਣ ਪਾਕਿਸਤਾਨ ਸਰਕਾਰ ਨੇ ਲਗਾਤਾਰ ਦੋ ਜਥਿਆਂ ਨੂੰ ਪ੍ਰਵਾਨਗੀ ਨਾ ਦੇ ਕੇ ਸੰਗਤ ਨੂੰ ਨਿਰਾਸ਼ ਕੀਤਾ ਹੈ। ਉਨ੍ਹਾਂ ਨੇ ਉੱਤਰਾਖੰਡ ਦੇ ਪਿੰਡ ਪ੍ਰੀਤਨਗਰ ਦੇ ਦੋ ਸਿੱਖ ਭਰਾਵਾਂ ਨੂੰ ਕਤਲ ਕਰਨ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਆਖਿਆ ਕਿ ਦੇਸ਼ ਅੰਦਰ ਸਿੱਖਾਂ ਨਾਲ ਅਜਿਹਾ ਵਰਤਾਰਾ ਘੱਟ ਗਿਣਤੀਆਂ ਨੂੰ ਦਬਾਉਣ ਵਾਲਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਮਾਮਲੇ ਸਬੰਧੀ ਸਿੱਖ ਮਿਸ਼ਨ ਕਾਂਸ਼ੀਪੁਰ ਦੇ ਇੰਚਾਰਜ ਅਤੇ ਪ੍ਰਚਾਰਕਾਂ ਦੀ ਘਟਨਾ ਸਥਾਨ 'ਤੇ ਜਾਣ ਦੀ ਡਿਊਟੀ ਲਗਾਈ ਗਈ ਹੈ।



# ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਡਟੇ ਰਹਿਣ ਦਾ ਅਹਿਦ

**ਚੰਡੀਗੜ੍ਹ।** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਅੱਠਾਂ ਮਹੀਨਿਆਂ ਦੌਰਾਨ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਵਿੱਚ ਕਿਸਾਨਾਂ ਨੇ ਸੰਘਰਸ਼ੀ ਮੋਰਚਿਆਂ ਤੋਂ ਪਿੱਛੇ ਨਾ ਹਟਣ ਦਾ ਅਹਿਦ ਲਿਆ ਹੈ। ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ ਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ 'ਚ ਗਿਣਤੀ ਬਰਕਰਾਰ ਰੱਖਦਿਆਂ ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਸੰਦੇਸ਼ ਦਿੱਤਾ ਹੈ ਕਿ ਕਿਸੇ ਵੀ ਤਰ੍ਹਾਂ ਉਹ ਕਾਨੂੰਨ ਰੱਦ ਕਰਵਾਏ ਬਿਨਾਂ ਪਿੱਛੇ ਨਹੀਂ ਹਟਣਗੇ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ 32 ਕਿਸਾਨ ਜਥੇਬੰਦੀਆਂ ਵੱਲੋਂ ਜਾਰੀ ਕਿਸਾਨੀ ਧਰਨਿਆਂ ਦੇ 260ਵੇਂ ਦਿਨ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਹੁਣ ਸਰਕਾਰ ਦੀ ਹੱਠਧਰਮੀ ਦੀ ਹੱਦ ਹੋ ਚੁੱਕੀ ਹੈ ਤੇ ਵੱਡੇ ਜਨ ਅੰਦੋਲਨ ਦੇ ਬਾਵਜੂਦ ਮੋਦੀ ਸਰਕਾਰ ਖੇਤੀ ਨੂੰ ਖੁੱਲ੍ਹੀ ਮੰਡੀ ਦੇ ਹਵਾਲੇ ਕਰਨ 'ਤੇ ਬਾਜ਼ਿੱਦ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਸਾਡੇ ਕੋਲ ਇਸ ਹੱਠਧਰਮੀ ਵਿਰੁੱਧ ਲੜਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ 26 ਜੂਨ ਨੂੰ 11 ਵਜੇ ਗੁਰਦੁਆਰਾ ਅੰਬ ਸਾਹਿਬ, ਮੁਹਾਲੀ ਵਿੱਚ ਸਾਰੇ ਕਿਸਾਨ ਜਥੇਬੰਦੀਆਂ ਦੇ ਆਗੂ ਪਹੁੰਚਣਗੇ ਤੇ ਚੰਡੀਗੜ੍ਹ 'ਚ ਗਵਰਨਰ ਹਾਊਸ ਵੱਲ ਨੂੰ ਰੋਸ-ਮਾਰਚ ਕੱਢਿਆ ਜਾਵੇਗਾ ਤੇ ਗਵਰਨਰ ਨੂੰ ਰੋਸ ਪੱਤਰ ਦਿੱਤਾ ਜਾਵੇਗਾ। ਇਹ ਰੋਸ ਮਾਰਚ ਗੁਰਦੁਆਰਾ ਅੰਬ ਸਾਹਿਬ ਤੋਂ ਆਪੋ ਆਪਣੇ ਸਾਧਨਾਂ ਰਾਹੀਂ ਗਵਰਨਰ ਹਾਊਸ ਨੂੰ ਕੂਚ ਕਰੇਗਾ। ਪੰਜਾਬ 'ਚ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਨ ਵਾਲੇ ਕਿਸਾਨ ਬੁਲਾਰਿਆਂ ਨੇ ਦੋਸ਼ ਲਾਇਆ ਕਿ ਭਾਜਪਾ ਸਰਕਾਰ ਸਿਰਫ਼ ਅਡਾਨੀ, ਅੰਬਾਨੀ ਤੇ ਹੋਰ ਦੇਸੀ-ਵਿਦੇਸ਼ੀ ਸਾਮਰਾਜੀ ਕੰਪਨੀਆਂ ਦੇ ਸੁਪਰ ਮੁਨਾਫਿਆਂ ਦੀ ਗਾਰੰਟੀ ਖਾਤਰ ਕਿਸਾਨ-ਮਜ਼ਦੂਰ ਮਾਰੂ ਖੇਤੀ ਕਾਨੂੰਨ ਰੱਦ ਨਾ ਕਰਨ ਦੀ ਅੜੀ ਫੜੀ ਬੈਠੀ ਹੈ। ਪੂੰਜੀਪਤੀਆਂ ਨਾਲ ਕੀਤੇ ਵਾਦਿਆਂ ਦੀ ਅੜੀ ਪੁਗਾਉਣ ਲਈ ਕਿਸਾਨਾਂ ਅਤੇ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲੇ ਵਿਅਕਤੀਆਂ ਉੱਤੇ ਦੇਸ਼ ਧ੍ਰੋਹ ਦੇ ਝੂਠੇ ਮੁਕੱਦਮੇ ਮੜ੍ਹੇ ਜਾ ਰਹੇ ਹਨ ਅਤੇ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਫਿਰਕੂ ਅਤੇ ਜਾਤਪਾਤੀ ਜਨੂੰਨ ਭੜਕਾਉਣ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਫਾਸ਼ੀ ਕਿਰਦਾਰ ਦਾ ਭਾਂਡਾ ਚੌਰਾਹੇ ਭੰਨਿਆ ਜਾਵੇਗਾ।



# ਪੰਜ ਸਾਲ ਮਗਰੋਂ ਵੀ ਸੀਵਰੇਜ ਦਾ ਕੰਮ ਸਿਰੇ ਨਾ ਚੜ੍ਹਿਆ

**ਬਸੀ ਪਠਾਣਾਂ।** ਇੱਥੇ ਸੀਵਰੇਜ ਪਾਉਣ ਦਾ ਕੰਮ 18 ਮਹੀਨਿਆਂ ਵਿੱਚ ਮੁਕੰਮਲ ਕਰਨ ਦਾ ਦਾਅਵਾ ਠੁੱਸ ਹੋ ਕੇ ਰਹਿ ਗਿਆ। ਪੰਜ ਸਾਲ ਲੰਘ ਗਏ ਪਰ ਕੰਮ ਨੇਪਰੇ ਨਾ ਚੜ੍ਹਿਆ। ਇਸ ਕਾਰਨ ਸ਼ਹਿਰ ਦੇ ਲੋਕ ਬੇਹੱਦ ਪ੍ਰੇਸ਼ਾਨ ਹਨ। ਬਿਨਾਂ ਕਿਸੇ ਯੋਜਨਾ ਤੋਂ ਸ਼ਹਿਰ 'ਚ ਚੱਲ ਰਹੇ ਸੀਵਰੇਜ ਪਾਉਣ ਦੇ ਕੰਮ ਨੇ ਸਰਾਕਰੀ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਚਲਦੇ ਕੰਮ ਦੌਰਾਨ ਪਏ ਮੀਂਹ ਨੇ ਸ਼ਹਿਰ ਦੇ ਬਾਜ਼ਾਰ ਦਾ ਇਹ ਹਾਲ ਕਰ ਦਿੱਤਾ ਹੈ ਕਿ ਗਾਹਕ ਤਾਂ ਦੂਰ ਆਪਣੀ ਦੁਕਾਨ 'ਤੇ ਖੁਦ ਦੁਕਾਨ ਦਾ ਮਾਲਕ ਆਉਣ ਨੂੰ ਵੀ ਤਿਆਰ ਨਹੀਂ। ਸਾਰੇ ਬਾਜ਼ਾਰ ਵਿੱਚ ਮਿੱਟੀ ਅਤੇ ਚਿੱਕੜ ਜਮ੍ਹਾਂ ਹੋਣ ਨਾਲ ਸ਼ਹਿਰ ਦੇ ਦੁਕਾਨਦਾਰ ਸਰਕਾਰ ਤੋਂ ਨਰਾਜ਼ ਹਨ। ਇਸ ਕਰਕੇ ਸ਼ਹਿਰ ਵਿੱਚ ਵਪਾਰ ਨਾ ਦੇ ਬਰਾਬਰ ਹੋ ਕੇ ਰਹਿ ਗਿਆ ਹੈ।

ਸੀਵਰੇਜ ਦੇ ਜੇ.ਈ. ਸਤਿੰਦਰ ਸਿੰਘ ਮੁਤਾਬਿਕ ਸ਼ਹਿਰ ਦੇ ਕਈ ਇਲਾਕਿਆਂ 'ਚ ਸੀਵਰੇਜ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ ਪਰ ਉੱਥੇ ਹਾਲੇ ਤੱਕ ਨਗਰ ਕੌਂਸਲ ਨੇ ਸੜਕਾਂ ਨਹੀਂ ਬਣਾਈਆਂ। ਸ਼ਹਿਰ ਦੇ ਮੁਹੱਲਾ ਪਿੱਪਲਾਂ ਵਾਲੇ ਚੌਕ ਦੇ ਵਸਨੀਕ ਇੰਦਰਜੀਤ ਸਿੰਘ, ਰਕੇਸ਼ ਕੁਮਾਰ, ਗੁਰਮੇਲ ਸਿੰਘ ਬਾਜਵਾ, ਨਰੇਸ਼ ਵਰਮਾ, ਅਨਿਲ ਕੁਮਾਰ, ਵਿਨੋਦ ਕੁਮਾਰ, ਨਰਿੰਦਰ ਕੁਮਾਰ, ਬਲਦੇਵ ਸਿੰਘ, ਪਵਨ ਸ਼ਰਮਾ ਤੇ ਰਾਹੁਲ ਕੁਮਾਰ ਆਦਿ ਨੇ ਅੱਜ ਸੀਵਰੇਜ ਵਿਭਾਗ ਵੱਲੋਂ ਕੀਤੇ ਜਾ ਰਹੇ ਕੰਮਾਂ 'ਤੇ ਨਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਸਾਰੇ ਸ਼ਹਿਰ ਵਾਸੀਆਂ 'ਚ ਸਰਕਾਰ ਦੇ ਵਤੀਰੇ ਨੂੰ ਲੈ ਕੇ ਰੋਸ ਪਾਇਆ ਜਾ ਰਿਹਾ ਅਤੇ ਛੇਤੀ ਹੀ ਉਹ ਮੁੱਖ ਸੜਕ ਤੇ ਧਰਨਾ ਦੇਣਗੇ।



# ਸੜਕ 'ਤੇ ਝੋਨਾ ਲਾ ਕੇ ਸਰਕਾਰ ਨੂੰ ਪਾਈ ਲਾਹਣਤ

**ਫ਼ਤਹਿਗੜ੍ਹ ਸਾਹਿਬ।** ਜੀਟੀ ਸੜਕ ਸਰਹਿੰਦ ਤੋਂ ਸਾਨੀਪੁਰ ਖੋਜੇਮਾਜਰਾ ਸੜਕ 'ਤੇ ਲੰਘਣ ਵਾਲੇ ਰਾਹਗੀਰ ਜਾਨ ਜੋਖ਼ਮ ਵਿੱਚ ਪਾ ਕੇ ਲੰਘਦੇ ਹਨ ਤੇ ਰਾਮਦਾਸ ਨਗਰ ਵਾਰਡ ਨੰਬਰ 8 ਦੇ ਨਿਵਾਸੀ ਪਿਛਲੇ 2 ਸਾਲਾਂ ਤੋਂ ਡੂੰਘੇ ਖੱਡਿਆਂ ਤੇ ਚਿੱਕੜ ਕਰਕੇ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਸਾਬਕਾ ਚੇਅਰਮੈਨ ਜ਼ਿਲਾ ਪ੍ਰੀਸ਼ਦ ਸ੍ਰੀ ਫ਼ਤਿਹਗੜ੍ਹ ਸਾਹਿਬ ਬਲਜੀਤ ਸਿੰਘ ਭੁੱਟਾ ਨੇ ਇਲਾਕਾ ਵਾਸੀਆਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਅੱਜ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਪਟਿਆਲਾ ਭਾਦਸੋਂ ਨੂੰ ਜੋੜਨ ਵਾਲੀ ਸੜਕ ਦੇ ਇਕ ਕਿਲੋਮੀਟਰ ਦੇ ਟੁੱਕੜੇ 'ਤੇ ਪਏ ਹੋਏ ਡੂੰਘੇ ਖੱਡਿਆਂ ਕਾਰਨ ਲਗਪਗ ਰੋਜ਼ਾਨਾ ਹੀ ਦੋਪਹੀਆ ਵਾਹਨ ਸਵਾਰ ਡਿੱਗ ਕੇ ਸੱਟਾਂ ਖਾਂਦੇ ਹਨ। ਕਈ ਵਾਰ ਵਾਹਨਾਂ ਦੇ ਚਿੱਕੜ ਵਿੱਚ ਫਸਣ ਕਰਕੇ ਵੀ ਲੋਕਾਂ ਨੂੰ ਭਾਰੀ ਸਮੱਸਿਆਵਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਲਾਕਾ ਵਾਸੀਆਂ ਨੇ ਅੱਜ ਪ੍ਰਸ਼ਾਸਨ ਅਤੇ ਸਰਕਾਰ ਖ਼ਿਲਾਫ਼ ਰੋਸ ਜ਼ਾਹਰ ਕਰਦਿਆਂ ਟੁੱਟੀ ਹੋਈ ਸੜਕ 'ਤੇ ਖੜ੍ਹੇ ਪਾਣੀ ਕਾਰਨ ਬਣੇ ਚਿੱਕੜ ਵਿੱਚ ਝੋਨਾ ਲਾ ਕੇ ਪੰਜਾਬ ਸਰਕਾਰ ਨੂੰ ਲਾਹਨਤਾਂ ਪਾਈਆਂ ਗਈਆਂ। ਸਥਾਨਕ ਲੋਕਾਂ ਨੇ ਮੰਗ ਕੀਤੀ ਹੈ ਕਿ ਇਸ ਸੜਕ ਨੂੰ ਤੁਰੰਤ ਬਣਾਇਆ ਜਾਵੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਇਲਾਕੇ ਦੀਆਂ ਬੀਬੀਆਂ ਨੇ ਰੋਜ਼ਾਨਾ ਵਿਕਾਸ ਦੇ ਗੁਣਗਾਨ ਕਰਨ ਵਾਲੇ ਆਗੂਆਂ ਨੂੰ ਜੀਟੀ ਰੋਡ ਤੋਂ ਸਾਨੀਪੁਰ ਰੋਡ 'ਤੇ ਨਜ਼ਰ ਮਰਨ ਲਈ ਕਿਹਾ ਅਤੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।



# 215 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਪੰਚਕੂਲਾ-ਚੰਡੀਗੜ ਰੇਲਵੇ ਸਟੇਸਨ ਨੂੰ ਮਿਲੀ ਹਰਿ ਝੰਡੀ

**ਪੰਚਕਲਾ (ਦੀਪਕ ਸਰਮਾ)** ਭਾਰਤੀ ਰੇਲ ਵਿਕਾਸ ਪ੍ਰਾਧਿਕਰਨ ਦੀ ਸਹਿ ਪ੍ਰਬੰਧਕ ਨਿਰਦੇਸ਼ਕ ਪਰਨਿਤਾ ਰਾਏ ਅਤੇ ਵਿਧਾਨ ਸਬਾਹ ਅਧਿਅਕਸ਼ ਗਿਆਨਚੰਦ ਗੁਪਤਾ ਦੀ ਵੀਡੀਓ ਕਾਨਫਰੰਸਿੰਗ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪਰਨੀਤਾ 23 ਜੂਨ ਨੂੰ ਚੰਦੀਗੜ ਆਵੇਂਗੀ । ਇਸ ਦੌਰਾਨ ਉਹ ਪੰਜਾਬ ਦੇ ਰਾਜਪਾਲ ਅਤੇ ਚੰਦੀਗੜ ਦੇ ਪ੍ਰਸਾਸਕ ਅਤੇ ਗਿਆਨਚੰਦ ਗੁਪਤਾ ਨਾਲ ਯੋਜਨਾ ਦੇ ਵਿਚਾਰਧਾਰਕ ਪੱਖਾਂ 'ਤੇ ਵਿਚਾਰ ਵਟਾਂਦਰੇ ਕਰੇਗੀ । ਪਰਨੀਤਾ ਰਾਏ ਨੇ ਦੱਸਿਆ ਕਿ ਰੇਲ ਮੰਤਰਾਲੇ ਨੇ ਉਨਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ । ਹੁਣ ਪੰਚਕੂਲਾ-ਚੰਦੀਗੜ ਰੇਲਵੇ ਸਟੇਸਨ ਨੂੰ ਵਿਸਵ ਪੱਧਰੀ ਸਟੇਸਨ ਬਣਾਇਆ ਜਾਵੇਗਾ । ਇੱਥੇ ਏਅਰਪੋਰਟ ਦੀ ਤਰਜ ਤੇ ਸੁਵਿਧਾਵਾਂ ਦਿਤੀਆਂ ਜਾਣਗੀਆਂ । ਦੋ ਮੰਜਲਿਾ ਵੇਟਿੰਗ ਲਾਂਜ, 12 ਐਸਕਲੇਟਰ ਅਤੇ 6 ਲਿਫਟ ਸਥਾਪਤ ਹੋਣਗੀਆਂ । 215 ਕਰੋੜ ਰੁਪਏ ਦੀ ਇਸ ਯੋਜਨਾ ਲਈ ਦੋ ਹਫਤੇ ਦੇ ਅੰਦਰ ਟੈਂਡਰ ਕੱਢੇ ਜਾਣਗੇ । ਇਸ ਪ੍ਰੋਜੈਕਟ ਦੇ ਤਿੰਨ ਸਾਲਾਂ ਵਿਚ ਪੂਰੀ ਹੋਣ ਦੀ ਸੰਭਾਵਨਾ ਹੈ ।

ਪ੍ਰੋਜੈਕਟ ਦਾ ਸਭ ਤੋਂ ਵੱਧ ਫਾਇਦਾ ਉਨਾਂ ਲੋਕਾਂ ਨੂੰ ਹੋਵੇਗਾ, ਜੋ ਰੋਜਾਨਾ ਆਪਣੇ ਕੰਮਾਂ ਲਈ ਚੰਦੀਗੜ-ਪੰਚਕੂਲਾ ਆਣਾ-ਜਾਣਾ ਕਰਦੇ ਹਨ । ਇਸ ਪ੍ਰੋਜੈਕਟ ਵਿਚ ਰੇਲਵੇ ਸਟੇਸਨ ਦੇ ਹੇਠਾਂ ਰੇਲਵੇ ਅੰਡਰ ਪਾਸ (ਆਰ.ਯੂ.ਬੀ) ਬਣਾਉਣ ਦਾ ਕੰਮ ਵੀ ਹੋਵੇਗਾ । ਇਹ ਨਵਾਂ ਰਾਸਤਾ ਪੰਚਕੂਲਾ ਦੇ ਸੈਕਟਰ 17-18 ਚੌਂਕ ਤੋਂ ਸੁਰੂ ਹੋ ਕੇ ਰੇਲਵੇ ਸਟੇਸਨ ਹੇਠਾਂ ਹੁੰਦਾ ਹੋਇਆ ਚੰਦੀਗੜ ਦੇ ਇੰਡਸਟ੍ਰੀਅਲ ਏਰੀਆ ਫੇਜ -1 ਵਿਚ ਨਿਕਲੇਗਾ ।



# ਰੇਲਵੇ ਰੋਡ ਤੇ ਸਥਿਤ ਦਸ਼ਮੇਸ਼ ਸਿਲਕ ਸਟੋਰ ਵਿਖੇ ਹੋਈ ਚੋਰੀ, ਦੂਕਾਨ ਚੋਂ ਨਗ਼ਦੀ ਗਾਇਬ, ਪੱਥਰ ਅਤੇ ਸ਼ਟਰ ਤੋੜਿਆ

**ਕੋਟਕਪਰਾ (ਰੋਹਿਤ ਆਜ਼ਾਦ)** ਜਿੱਥੇ ਸ਼ਾਮ 07 ਤੋਂ ਬਾਅਦ ਰਾਤ 8 ਵਜੇ ਤੋਂ ਸ਼ਹਿਰ ਵਿੱਚ ਕਰਵਿਊ ਲੱਗ ਜਾਂਦਾ ਹੈ ਤੇ ਪੁਲਸ ਸ਼ੜਕਾਂ ਤੇ ਆਕੇ ਆਪਣੀ ਡਿਊਟੀ ਨੂੰ ਨਿਭਾਉਂਦੀ ਹੈ ਉੱਥੇ ਹੀ ਰਾਤ ਨੂੰ ਚੋਰਾਂ ਵੱਲੋਂ ਆਪਣੀ ਡਿਊਟੀ ਨੂੰ ਬਾਖੂਬੀ ਨਿਭਾਇਆ ਜਾਂਦਾ ਹੈ ਭਾਵ ਉਹ ਇਹਨਾਂ ਪੁਲਸ ਮੁਲਾਜ਼ਮਾਂ ਤੋਂ ਡਰੇ ਬਿਨਾਂ ਹੀ ਆਪਣੀਆਂ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਨਜਰ ਆਉਂਦੇ ਹਨ ਇਸੇ ਤਰਾਂ ਹੀ ਸ਼ਹਿਰ ਕੋਟਕਪੂਰਾ ਦੇ ਰੇਲਵੇ ਰੋਡ ਤੇ ਸਥਿਤ ਮਸ਼ਹੂਰ ਟਹਿਲ ਸਿੰਘ ਦੀ ਕੱਪੜੇ ਦੀ ਹੱਟੀ ਦਸ਼ਮੇਸ਼ ਸਿਲਕ ਸਟੋਰ ਵਿਖੇ ਹੋਇਆ ਹੈ। ਇਸ ਸਮੇਂ ਦਸ਼ਮੇਸ਼ ਸਿਲਕ ਸਟੋਰ ਦੇ ਮਾਲਕ ਦਰਸ਼ਨ ਸਿੰਘ ਤੇ ਬੇਟੇ ਹਰਸਿਮਰਨ ਸਿੰਘ ਵੱਲੋਂ ਮੀਡੀਆ ਅਤੇ ਮੌਕੇ ਤੇ ਪੁੱਜੇ ਸ਼ਹਿਰੀ ਥਾਣਾ ਮੁਖੀ ਇੰਸਪੈਕਟਰ ਮੁਖਤਿਆਰ ਸਿੰਘ ਨੂੰ ਦਿੱਤੇ ਬਿਆਨਾਂ ਵਿੱਚ ਆਖਿਆ ਕਿ ਇੱਥੇ ਰੇਲਵੇ ਰੋਡੇ ਤੇ ਢੋਡਾ ਚੌਂਕ ਵਿਖੇ ਚੌਂਕੀਦਾਰਾਂ ਦੇ ਹੁੰਦਿਆਂ ਅਤੇ ਪੁਲਸ ਮੁਲਾਜ਼ਮਾਂ ਦੀ ਪਹਿਰੇਦਾਰੀ ਦੇ ਹੇਠ ਇਹ ਘਟਨਾ ਵਾਪਰੀ ਹੈ ਜੋ ਕਿ ਇੱਕ ਬਹੁਤ ਹੀ ਮੰਦਭਾਗੀ ਗੱਲ ਹੈ। ਇਸਤੋਂ ਇਹ ਸ਼ਾਫ ਅੰਦਾਜਾ ਲਗਾਇਆ ਜਾ ਸਕਦਾ ਹੈ ਜਾਂ ਤਾਂ ਇਹਨਾਂ ਚੋਰਾਂ ਨੂੰ ਪੁਲਸ ਦਾ ਕੋਈ ਡਰ-ਭੈਅ ਨਹੀਂ ਰਹਿ ਗਿਆ ਜਾਂ ਫਿਰ ਇਹ ਪੁਲਸ ਮੁਲਾਜ਼ਮ ਅਤੇ ਚੌਂਕੀਦਾਰ ਵੀ ਇਹਨਾਂ ਚੋਰਾਂ ਨਾਲ ਮਿਲੇ ਹੋਏ ਹਨ ਤਾਂ ਜੋ ਇਹ ਚੋਰ ਆਪਣੀ ਵਾਰਦਾਤ ਨੂੰ ਅੰਜਾਮ ਦੇ ਰਹੇ ਹਨ। ਉਨਾਂ ਕਿਹਾ ਕਿ ਸਾਡੀ ਦੁਕਾਨ ਤੋਂ 9-10 ਹਜ਼ਾਰ ਦੇ ਕਰੀਬ ਨਗ਼ਦੀ ਦੀ ਚੋਰੀ ਹੋਈ ਹੈ ਤੇ ਦੁਕਾਨ ਦੇ ਸ਼ਟਰ ਤੋਂ ਇਲਾਵਾ ਚੋਰਾਂ ਵੱਲੋਂ ਬਾਹਰ ਥੜੇ ਦਾ ਪੱਥਰ ਵੀ ਤੋੜਿਆ ਗਿਆ ਹੈ। ਇਸ ਸਮੇਂ ਕੱਪੜਾ ਯੂਨੀਅਨ ਦੇ ਪ੍ਰਧਾਨ ਜਤਿੰਦਰ ਸਿੰਘ ਜਸ਼ਨ ਅਤੇ ਦੁਕਾਨਦਾਰ ਦਰਸ਼ਨ ਸਿੰਘ ਅਤੇ ਹਰਸਿਮਰਨ ਸਿੰਘ ਨੇ ਆਖਿਆ ਕਿ ਸਾਨੂੰ ਇੰਸਾਫ ਮਿਲਣਾ ਚਾਹੀਦਾ ਤੇ ਪੁਲਸ ਨੂੰ ਅਜਿਹੇ ਚੋਰਾਂ ਤੇ ਨਕੇਲ ਕਸਣੀ ਚਾਹੀਦੀ ਹੈ ਜੋ ਇਹ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਉਨਾਂ ਅੱਗੇ ਕਿਹਾ ਕਿ ਇੱਥੇ ਰੇਲਵੇ ਰੋਡ ਤੇ ਪਹਿਲਾਂ ਵੀ ਦੋ ਦੁਕਾਨਾਂ ਦੇ ਸ਼ਟਰ ਤੋੜਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ ਤੇ ਅੱਜ ਇੱਕ ਮਹੀਨੇ ਤੋਂ ਵੀ ਉੱਪਰ ਦਾ ਸਮਾਂ ਹੋ ਗਿਆ ਹੈ ਜਿਸਤੇ ਪੁਲਸ ਵੱਲੋਂ ਅਜੇ ਤੱਕ ਕੋਈ ਵੀ ਕਾਰਵਾਈ ਸਾਹਮਣੇ ਨਹੀਂ ਲਿਆਂਦੀ ਗਈ। ਉਨਾਂ ਕਿਹਾ ਕਿ ਸਾਨੂੰ ਉਮੀਦ ਤਾਂ ਨਹੀਂ ਹੈ ਪਰ ਫਿਰ ਵੀ ਅਸੀਂ ਇੰਸਾਫ ਦੀ ਮੰਗ ਕਰਦੇ ਹਾਂ। ਇਸ ਮੌਕੇ ਸ਼ਹਿਰੀ ਥਾਣਾ ਮੁਖੀ ਇੰਸਪੈਕਟਰ ਮੁਖਤਿਆਰ ਸਿੰਘ ਨੇ ਪੀੜਤ ਦੁਕਾਨਦਾਰ ਨੂੰ ਵਿਸ਼ਵਾਸ ਦਵਾਉਂਦੇ ਹੋਏ ਕਿਹਾ ਕਿ ਚੋਰੀ ਕਰਨ ਵਾਲੇਆਂ ਇਹਨਾਂ ਚੋਰਾਂ ਨੂੰ ਬਖ਼ਸਿਆ ਨਹੀਂ ਜਾਵੇਗਾ ਅਤੇ ਜਲਦ ਹੀ ਇਹਨਾਂ ਨੂੰ ਕਾਬੂ ਕਰਕੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਸਮੇਂ ਹੋਰ ਕੀ-ਕੀ ਗੱਲਬਾਤ ਹੋਈ ਤੇ ਕਿਸ ਨੇ ਕੀ ਆਖਿਆ ਉਹ ਅੱਗੇ ਪੇਸ਼ ਹੈ। ਕੋਟਕਪੂਰਾ ਤੋਂ ਪੱਤਰਕਾਰ ਰੋਹਿਤ ਆਜ਼ਾਦ ਦੀ ਰਿਪੋਰਟ।

# ਬੜੀਆਂ ਅਮਿੱਟ ਯਾਦਾਂ ਛਡ ਦਾ ਖਤਮ ਹੋਇਆ ਮੇਲਾ ਸਹਾਰੀ ਮੱਲ ਦਾ

**ਫਿਰੋਜਪੁਰ (ਅਸ਼ੋਕ ਭਾਰਦਵਾਜ)** 1947 ਤੋਂ ਭਾਰਤ ਦੀ ਵੰਡ ਤੋਂ ਸ਼ੁਰੂ ਹੋ ਕੇ ਹਰ ਸਾਲ ਸਹਾਰੀ ਮੱਲ ਜੀ ਦਾ ਸਲਾਨਾ ਮੇਲਾ ਪਿੰਡ ਅੱਕੂ ਵਾਲਾ (ਫਿਰੋਜਪੁਰ) ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ ਪਰ ਪਿਛਲੀ ਸਾਲ ਵਾਂਗੂੰ ਇਸ ਸਾਲ ਵੀ ਕਾਰੋਨਾ ਮਹਾਮਾਰੀ ਦੇ ਸਬੰਧ ਵਿੱਚ ਸਰਕਾਰ ਵਲੋਂ ਦਿਤੀਆਂ ਗਈਆ ਹਦਾਇਤਾਂ ਨੂੰ ਮੁੱਖ ਰੱਖ ਕੇ ਮੇਲਾ ਮਨਾਇਆ ਗਿਆ। ਮੇਲੇ ਵਿੱਚ ਦੂਰ ਦੁਰਾਡੇ ਤੋਂ ਪਹੁੰਚ ਕੇ ਸੰਗਤਾਂ ਨਤਮਸਤਕ ਹੋਈਆਂ ਪ੍ਰਬੰਧਕ ਕਮੇਟੀ ਵਲੋਂ ਸਰਕਾਰ ਦੀਆ ਹਦਾਇਤਾ ਦਾ ਪਾਲਣ ਕਰਦਿਆਂ ਜਿਆਦਾ ਇਕਠ ਨਹੀਂ ਹੋਣ ਦਿਤਾ ਗਿਆ ਵੱਖ ਵੱਖ ਰਾਗੀ ਜਥਿਆਂ ਵਲੋਂ ਕੀਰਤਨ ਕਰਕੇ ਤੇ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।



# ਚੰਡੀਗੜ ਹਾਊਸਿੰਗ ਬੋਰਡ ਨੇ ਪ੍ਰਾਪਰਟੀ ਅਸਟੇਟਾਂ ਲਈ ਕੱਢੇ ਈ-ਟੈਂਡਰ

**ਚੰਡੀਗੜ (ਦੀਪਕ ਸਰਮਾ)** ਚੰਡੀਗੜ ਚ ਰਹਿਣ ਦਾ ਸੁਪਨਾ ਦੇਖਣ ਵਾਲਿਆਂ ਲਈ ਇਕ ਚੰਗੀ ਖਬਰ ਹੈ । ਚੰਡੀਗੜ ਹਾਊਸਿੰਗ ਬੋਰਡ ਨੇ ਪ੍ਰੋਪਰਟੀ ਅਸਟੇਟਾਂ ਲਈ ਸਭ ਤੋਂ ਵੱਡੇ ਈ-ਟੈਂਡਰ ਜਾਰੀ ਕੀਤੇ ਹਨ । ਇਸ ਵਿਚ ਸਾਰੇ ਕਿਸਮ ਦੇ ਪਰੋਪਰਟੀ ਸਾਮਲ ਹੈ । ਫ੍ਰੀ ਹੋਲਡ ਰੀਜਿਡੈਂਸ਼ਿਅਲ, ਲੀਜ ਹੋਲਡ ਰੀਜਿਡੈਂਸਿਅਲ ਅਤੇ ਲੀਜ ਹੋਲਡ ਕਮਰਸ਼ੀਅਲ ਪ੍ਰੋਪਰਟੀ ਵੀ ਇਸ ਵਿਚ ਸਾਮਲ ਹਨ ।

ਸਭ ਤੋਂ ਚੰਗੀ ਗੱਲ ਇਹ ਹੈ ਕਿ ਇਹ ਪ੍ਰੋਪਰਟੀ ਸਹਿਰ ਦੇ ਵੱਖ-ਵੱਖ ਹੱਸਿਆ ਵਿਚ ਹੈ । ਤੁਸੀਂ ਆਪਣੇ ਪਸੰਦ ਦੇ ਏਰੀਆ ਵਿੱਚ ਪ੍ਰਾਪਰਟੀ ਖਰੀਦ ਸਕਦੇ ਹੋ ਅਤੇ ਉਸ ਵਿਚ ਤੁਹਾਨੂੰ ਬਹੁਤ ਸਾਰੇ ਵਿਕਲਪ ਮਿਲਣਗੇ । ਫ੍ਰੀ ਹੋਲਡ ਰੇਜਿਡਨਸਅਿਲ ਪ੍ਰੋਪਰਟੀ ਬੇਚਣ ਵਿਚ ਸਫਲਤਾ ਹਾਸਿਲ ਕਰਨ ਤੋਂ ਬਾਅਦ ਹੁਣ ਚੰਡੀਗੜ ਹਾਊਸਿੰਗ ਬੋਰਡ (ਸੀ.ਐਚ.ਬੀ) ਰੀਜਿਡਨਸੀਅਲ ਅਤੇ ਕਮਰਸੀਅਲ ਦੀ 222 ਪਰੋਪਰਟੀਆਂ ਲਈ ਈ-ਟੈਂਡਰ ਜਾਰੀ ਕਰ ਚੁਕੀ ਹੈ । ਇਸ ਵਿਚ 156 ਲੀਜਹੋਲਡ ਕਮਰਸ਼ੀਅਲ ਅਤੇ 11 ਲੀਜੋਲਡ ਬੇਸਿਸ ਰੀਜਿਡਨਸਅਿਲ ਲਈ 30 ਜੂਨ ਤੱਕ ਬਿਡ ਦਾਖਿਲ ਕੀਤੇ ਜਾ ਸਕਦੇ ਹਨ ਜਦਕਿ 55 ਫ੍ਰੀ ਹੋਲਡ ਰੀਜਿਡਨਸਅਿਲ ਪ੍ਰੋਪਰਟੀ ਦੇ ਬਿਡ 5 ਜੁਲਾਈ ਤਕ ਕੀਤੇ ਜਾ ਸਕਦੇ ਹਨ ।




ਅੰਤਮ ਤਿਥੀ ਤੋਂ ਅਗਲੇ ਦਿਨ ਬਿਡ ਖੋਲੀ ਜਾਵੇਗੀ । ਖਾਸ ਗੱਲ ਇਹ ਹੈ ਕਿ ਚੰਡੀਗੜ ਅਤੇ ਇਸ ਤੋਂ ਬਾਹਰ ਰਹਿਣ ਵਾਲੇ ਵੀ ਇਸ ਵਿਚ ਹਿੱਸਾ ਲੈ ਸਕਦੇ ਹਨ । ਜਿਹਨਾਂ ਕੋਲ ਪਹਿਲਾਂ ਮਕਾਨ ਹਨ ਉਹ ਵੀ ਬਿਡ ਜਮਾ ਕਰ ਸਕਦੇ ਹਨ ।

# ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਕੀਤਾ ਜਾਵੇਗਾ ਮੁਕੰਮਲ-ਸੋਨੀ

## ਹਾਥੀ ਗੇਟ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਨਵੇਂ ਬਣੇ ਟਿਊਬਵੈਲ ਦਾ ਉਦਘਾਟਨ





**ਅੰਮ੍ਰਿਤਸਰ (ਵਿਕਰਮਜੀਤ ਸਿੰਘ)** ਕੇਂਦਰੀ ਵਿਧਾਨ ਸਭਾ ਹਲਕੇ ਅਧੀਨ ਚੱਲ ਰਹੇ ਸਾਰੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਮੁਕੰਮਲ ਕੀਤਾ ਜਾਵੇਗਾ ਅਤੇ ਕੋਈ ਵੀ ਵਾਰਡ ਵਿਕਾਸ ਪੱਖੋਂ ਸੱਖਣਾ ਨਹੀਂ ਰਹਿਣ ਦਿੱਤਾ ਜਾਵੇਗਾ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਸ੍ਰੀ ਓਮ ਪ੍ਰਕਾਸ਼ ਸੋਨੀ ਡਾਕਟਰੀ ਸਿਖਿਆ ਤੇ ਖੋਜ ਮੰਤਰੀ ਪੰਜਾਬ ਨੇ ਵਾਰਡ ਨੰ: 49 ਅਧੀਨ ਪੈਂਦੇ ਇਲਾਕੇ ਹਾਥੀ ਗੇਟ ਵਿਖੇ ਪੈਂਦੇ ਕਟੜਾ ਮੋਤੀ ਰਾਮ ਚ ਬਣੇ 15 ਲੱਖ ਰੁਪਏ ਦੀ ਲਾਗਤ ਨਾਲ ਟਿਊਬਵੈਲ ਦਾ ਉਦਘਾਟਨ ਕਰਨ ਪਿਛੋਂ ਕੀਤਾ। ਸ੍ਰੀ ਸੋਨੀ ਵੱਲੋਂ ਇਸ ਦੇ ਨਾਲ ਹੀ ਕਟੜਾ ਮੋਤੀ ਰਾਮ ਵਿਖੇ ਗਲੀਆਂ ਵਿੱਚ ਨਵੀਂਆਂ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ ਵੀ ਕਰਵਾਈ।

ਸ੍ਰੀ ਸੋਨੀ ਨੇ ਦੱਸਿਆ ਕਿ ਗਰਮੀਆਂ ਦੇ ਸੀਜਨ ਦੌਰਾਨ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਹਰੇਕ ਵਾਰਡ ਵਿੱਚ ਨਵੇਂ ਟਿਊਬਵੈਲ ਲਗਾਏ ਜਾ ਰਹੇ ਹਨ। ਇਸ ਮੌਕੇ ਸ੍ਰੀ ਸੋਨੀ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪਣੀ ਦੇਖਰੇਖ ਹੇਠ ਸਾਰੇ ਵਿਕਾਸ ਕਾਰਜ ਮੁਕੰਮਲ ਕਰਵਾਉਣ। ਸ੍ਰੀ ਸੋਨੀ ਨੇ ਸਬੰਧਤ ਠੇਕੇਦਾਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਦੇ ਕੰਮਾਂ ਵਿੱਚ ਕੋਈ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਕੰਮ ਮਿਥੇ ਸਮੇਂ ਅੰਦਰ ਮੁਕੰਮਲ ਹੋਣੇ ਚਾਹੀਦੇ ਹਨ।

ਇਸ ਮੌਕੇ ਕੌਂਸਲਰ ਵਿਕਾਸ ਸੋਨੀ, ਸ੍ਰੀ ਸੁਨੀਲ ਕੁਮਾਰ ਕਾਊਂਟੀ, ਐਡਵੋਕੇਟ ਰਜਿੰਦਰ ਕੰਵਰ, ਸ੍ਰੀ ਸੰਜੈ ਖੰਨਾ, ਸ੍ਰੀ ਸੁਨੀਲ ਬਿੱਲਾ, ਸ੍ਰੀ ਬਿੱਟੂ ਬਾਬਾ, ਸ੍ਰੀ ਰਮੇਸ਼ ਕੁਮਾਰ ਪੱਪੂ ਅਤੇ ਸ੍ਰੀ ਸੰਨੀ ਕੁਮਾਰ ਤੋਂ ਇਲਾਵਾ ਇਲਾਕਾ ਵਾਸੀ ਹਾਜਰ ਸਨ।

# ਰਾਸ਼ਟਰੀ ਮਾਰਗ ਕਰਤਾਰਪੁਰ ਦੇ ਪਾਸ ਆਲਟੋ ਅਤੇ ਟਰੱਕ ਦੀ ਟੱਕਰ ਵਿੱਚ ਔਰਤ ਅਤੇ ਉਸ ਦੇ ਬੇਟੇ ਦੀ ਦਰਦਨਾਕ ਮੌਤ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਬੀਤੇ ਦਿਨ ਬੁੱਧਵਾਰ 16-06-2021 ਸ਼ਾਮ 07:00 ਵਜੇ ਦੇ ਕਰੀਬ ਜਲੰਧਰ ਅੰਮ੍ਰਿਤਸਰ ਰਾਸ਼ਟਰੀ ਮਾਰਗ ਕਰਤਾਰਪੁਰ ਦੇ ਪਾਸ ਸਥਿਤ ਵਾਈਟ ਸਪੋਟ ਹੋਟਲ ਦੇ ਪਾਸ ਆਲਟੋ ਅਤੇ ਟਰੱਕ ਦੀ ਟੱਕਰ ਵਿੱਚ ਆਲਟੋ ਚਾਲਕ ਔਰਤ ਅਮਨਦੀਪ ਕੌਰ ਅਤੇ ਉਸ ਦੇ ਬੇਟੇ ਤੇਜਸ ਦੀ ਦਰਦਨਾਕ ਮੌਤ ਹੋ ਗਈ ਜਦ ਕਿ 8 ਸਾਲ ਦੀ ਬੇਟੀ ਸੀਰਤ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਬਾਲ ਬਾਲ ਬਚ ਗਈ ਅਤੇ ਕਾਰ ਬੁਰੀ ਤਰ੍ਹਾਂ ਨੁਕਸਾਨ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸੂਰਿਆ ਇਨਕਲੇਵ ਜਲੰਧਰ ਨਿਵਾਸੀ ਅਮਨਦੀਪ ਕੌਰ ਪਤਨੀ ਨਵਨੀਤ ਆਪਣੇ ਬੇਟੇ 11 ਸਾਲਾਂ ਤੇਜਸ ,ਅਤੇ ਬੇਟੀ 8 ਸਾਲਾਂ ਸੀਰਤ ਨੂੰ ਲੈ ਕੇ ਆਪਣੀ ਆਲਟੋ ਕੇ 10 ਕਾਰ ਪੀ ਬੀ 08 ਈ ਜੀ 2120 ਬੱਚਿਆਂ ਨੂੰ ਘੁਮਾਉਣ ਲਈ ਜਲੰਧਰ ਤੋਂ ਦਿਆਲਪੁਰ ਵੱਲ ਜਾ ਰਹੀ ਸੀ ਅਤੇ ਕਰਤਾਰਪੁਰ ਤੋਂ ਥੋੜ੍ਹਾ ਅੱਗੇ ਜਾਣ ਤੇ ਵਾਈਟ ਸਪੋਟ ਹੋਟਲ ਦੇ ਪਾਸ ਕਾਰ ਟੈਂਕਰ ਦੇ ਪਿੱਛੇ ਟਕਰਾ ਗਈ ਟੱਕਰ ਇੰਨੀ ਭਿਆਨਕ ਸੀ ਕਿ ਮੌਕੇ ਤੇ ਹੀ ਅਮਨਦੀਪ ਕੌਰ ਅਤੇ ਉਸ ਦੇ ਬੇਟੇ ਤੇਜ਼ਸ ਦੀ ਮੌਤ ਹੋ ਗਈ। ਐਕਸੀਡੈਂਟ ਨੂੰ ਦੇਖਦੇ ਹੋਏ ਰਾਸਤੇ ਵਿੱਚ ਗੁਜ਼ਰ ਰਹੀ ਇੱਕ ਕਾਰ ਚਾਲਕ ਨੇ ਅਮਨਦੀਪ, ਤੇਜਸ ਅਤੇ ਸੀਰਤ ਨੂੰ ਆਪਣੀ ਗੱਡੀ ਵਿਚ ਪਾ ਕੇ ਦਿਆਲਪੁਰ ਸਥਿਤ ਇਕ ਨਿਜੀ ਹਸਪਤਾਲ ਵਿਚ ਲਿਆਇਆ ਗਿਆ, ਜਿੱਥੇ ਡਾਕਟਰਾਂ ਨੇ ਅਮਨਦੀਪ ਅਤੇ ਤੇਜਸ ਨੂੰ ਮ੍ਰਿਤ ਘੋਸ਼ਿਤ ਕਰ ਦਿੱਤਾ ਗਿਆ। ਬੇਟੀ ਸੀਰਤ ਜੋ ਬੁਰੀ ਤਰ੍ਹਾਂ ਨਾਲ ਸਹਿਮੀ ਹੋਈ ਸੀ ਅਤੇ ਉਸ ਦੇ ਮਾਮੂਲੀ ਸੱਟਾਂ ਲੱਗੀਆਂ ਅਤੇ ਸੀਰਤ ਵਾਲ-ਵਾਲ ਬਚ ਗਈ ਤੇ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ।

ਮੌਕੇ ਤੇ ਪਹੁੰਚੇ ਕਰਤਾਰਪੁਰ ਪੁਲਸ ਦੇ ਥਾਣਾ ਪ੍ਰਭਾਰੀ ਰਾਜੀਵ ਕੁਮਾਰ, ਏ.ਐਸ.ਆਈ ਗੁਰਦੇਵ ਸਿੰਘ ਅਤੇ ਪੁਲੀਸ ਪਾਰਟੀ ਨੇ ਜਾਂਚ ਸ਼ੁਰੂ ਕਰ ਦਿੱਤੀ।

ਇਸ ਸਬੰਧ ਵਿਚ ਮ੍ਰਿਤਕ ਅਮਨਦੀਪ ਕੌਰ ਅਤੇ ਉਸ ਦੇ ਪਤੀ ਨਵਨੀਤ ਦੇ ਪਰਿਵਾਰ ਡਾ ਬਲਵੀਰ ਚੰਦ ਪਿੰਡ ਮੰਨਣਾ ਕਰਤਾਰਪੁਰ ਨੇ ਦੱਸਿਆ ਕਿ



ਅਮਨਦੀਪ ਕੌਰ ਜੋ ਰਾਏਪੁਰ ਰਸੂਲਪੁਰ ਦੇ ਸਰਕਾਰੀ ਸਕੂਲ ਵਿਚ ਕੰਪਿਊਟਰ ਟੀਚਰ ਸੀ। ਉਨ੍ਹਾਂ ਨੇ ਦੱਸਿਆ ਕਿ ਬੱਚਿਓ ਦੇ ਕਹਿਣ ਤੇ ਅਮਨਦੀਪ ਕਾਰ ਚਲਾ ਘੁਮਾਣ ਦੇ ਲਈ ਲਿਆਈ ਸੀ। ਇਸ ਦੌਰਾਨ ਉਸ ਦੇ ਪਤੀ ਨਵਨੀਤ ਨੇ ਆਪਣੇ ਪਰਿਵਾਰ ਵਾਲਿਆਂ ਦੇ ਨਾਲ ਘਟਨਾ ਸਥਲ ਅਤੇ ਨਿਜੀ ਹਸਪਤਾਲ ਪਹੁੰਚੇ।

ਇਸ ਸਬੰਧ ਵਿੱਚ ਏਐਸਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਦੁਰਘਟਨਾ ਦੀ ਖ਼ਬਰ ਸੁਣਦੇ ਹੀ ਘਟਨਾ ਸਥਲ ਪਹੁੰਚ ਕੇ ਲੋਕਾਂ ਨੇ ਦੱਸਿਆ ਕਿ ਕਾਰ ਕੈਂਟਰ ਦੇ ਨਾਲ ਟਕਰਾਈ ਹੈ ਅਤੇ ਕੈਂਟਰ ਚਾਲਕ ਗੱਡੀ ਲੈ ਕੇ ਫ਼ਰਾਰ ਹੋ ਗਿਆ ਹੈ ਉਸ ਫੜਨ ਦੇ ਲਈ ਕੰਟਰੋਲ ਰੂਮ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਵਾਤਾਵਰਣ ਨੂੰ ਸਭਾਲਣ ਦਾ ਸੁਨੇਹਾ ਦਿੰਦੇ ਗੀਤ ਦਾ ਪੋਸਟਰ ਰਿਲੀਜ਼




**ਕਰਤਾਰਪੁਰ ( ਜਸਵੰਤ ਵਰਮਾ/ਦਿਨੇਸ਼ ਕੁਮਾਰ)** ਅੱਜ ਅਧਿਆਪਕ ਅਸੀਮ ਕੁਮਾਰ ਵੱਲੋਂ ਗਾਇਆ ਅਤੇ ਸ੍ਰੀ ਨਿਰਮਲ ਟੁੱਟ ਵੱਲੋਂ ਲਿਖੇ ਗੀਤ ਦਾ ਪੋਸਟਰ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਰਾਮ ਪਾਲ ਸਿੰਘ ਵੱਲੋਂ ਰਿਲੀਜ਼ ਕੀਤਾ ਗਿਆ। ਗੀਤ ਰਾਹੀਂ ਵਾਤਾਵਰਨ ਨੂੰ ਸੰਭਾਲਣ ਸਬੰਧੀ ਬਹੁਤ ਵਧੀਆ ਸੁਨੇਹਾ ਦਿੱਤਾ ਗਿਆ ਹੈ। ਜੇਕਰ ਅੱਜ ਵੀ ਅਸੀਂ ਵਾਤਾਵਰਨ ਨੂੰ ਨਾ ਸੰਭਾਲ ਸਕੇ ਤਾਂ ਆਉਣ ਵਾਲੀਆਂ ਨਸਲਾਂ ਤੇ ਬਹੁਤ ਮਾੜਾ ਪ੍ਰਭਾਵ ਪਵੇਗਾ। ਬੂੰਦ ਬੂੰਦ ਲਈ ਤਰਸ ਜਾਵਾਂਗੇ ਅਤੇ ਸਾਹ ਲੈਣ ਲਈ ਤਰਸਾਂਗੇ ਦਾ ਸੁਨੇਹਾ ਗੀਤ ਰਾਹੀਂ ਦਿੱਤਾ ਗਿਆ ਹੈ। ਜਿਸ ਦੀ ਵੀਡੀਓ 18 ਜੂਨ ਨੂੰ ਰਿਲੀਜ਼ ਕੀਤੀ ਜਾਵੇਗੀ।

ਇਸ ਮੌਕੇ ਤੇ ਸ੍ਰੀ ਰਾਮਪਾਲ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸ੍ਰੀ ਬੀ ਕੇ ਮਹਿਮੀ, ਲੇਖਾਕਾਰ ਸ੍ਰੀ ਪੰਕਜ ਵਿੱਗ ਜੀ ਤੇ ਹੋਰ ਮੌਜੂਦ ਸਨ ।

# ਨੇਕੀ ਦੀ ਦੁਕਾਨ ਨੇ ਬੈਠਣ ਲਈ ਬੈਂਚ ਰਖਵਾਏ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਅੱਜ ਸੇਵਾ ਕੇਂਦਰ ਸਬ ਤਹਿਸੀਲ ਕਰਤਾਰ-ਪੁਰ , ਗੁਰਦੁਆਰਾ ਬਾਬਾ ਗੁਰਦਿੱਤਾ ਜੀ ਰੋਡ, ਅਤੇ ਕਾਹਲਵਾਂ ਰੋਡ ਕਰਤਾਰਪੁਰ ਵਿਖੇ ਪਬਲਿਕ ਦੇ ਬੈਠਣ ਲਈ ਬੈਂਚ ਲਗਾਏ ਗਏ। ਇਸ ਮੌਕੇ ਮਾਸਟਰ ਅਮਰੀਕ ਸਿੰਘ, ਭੁਪਿੰਦਰ ਸਿੰਘ ਮਾਹੀ, ਦਵਿੰਦਰਪਾਲ ਸਿੰਘ ਪਾਲੀ , ਸੰਜੀਵ ਕੁਮਾਰ ਧੀਮਾਨ, ਪਰਮਹੰਸ ਮਹਿਤਾ, ਪਵਨ ਧੀਮਾਨ, ਪਰਮਜੀਤ ਸਿੰਘ, ਰਵਿੰਦਰ ਕੁਮਾਰ, ਰਜਿੰਦਰ ਕੁਮਾਰ ਟੋਨੀ, ਨਿਰਮਲ ਸਿੰਘ, ਮੈਡਮ ਨੀਲਮ ਕੁਮਾਰੀ, ਸੋਮ ਨਾਥ, ਨੀਰਜ ਸਕਸੈਨਾ, ਤਰਸੇਮ ਲਾਲ, ਪੇਂਟਰ ਅਜੇ ਕੁਮਾਰ ਹਾਜ਼ਰ ਸਨ।

# ਸਾਬਕਾ ਡੀ.ਸੀ.ਪੀ. ਬਲਕਾਰ ਸਿੰਘ ਨੇ ਆਪ 'ਚ ਸ਼ਾਮਲ ਹੋਣ ਤੋ ਬਾਅਦ ਗੁਰਦੁਆਰਾ ਸ਼੍ਰੀ ਗੰਗਸਰ ਸਾਹਿਬ ਮੱਥਾ ਟੇਕਿਆ




**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ )** ਪੰਜਾਬ ਪੁਲਿਸ ਦੇ ਸਾਬਕਾ ਏ ਸੀ ਪੀ ਬਲਕਾਰ ਸਿੰਘ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਤੋ ਬਾਅਦ ਅੱਜ ਸਥਾਨਕ ਗੁਰਦੁਆਰਾ ਸ਼੍ਰੀ ਗੰਗਸਰ ਸਾਹਿਬ ਮੱਥਾ ਟੇਕਿਆ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਉਨ੍ਹਾਂ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸਭ ਤੋਂ ਪਹਿਲਾਂ ਸ੍ਰੀ ਰਾਘਵ ਚੱਢਾ ਅਤੇ ਸਟੇਟ ਪ੍ਰੈਜ਼ੀਡੈਂਟ ਭਗਵੰਤ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜਿਨ੍ਹਾਂ ਨੇ ਸਾਨੂੰ ਇਕ ਪਲੇਟਫਾਰਮ ਦਿੱਤਾ ਲੋਕਾਂ ਦੀ ਸੇਵਾ ਕਰਨ ਦਾ ਅਤੇ ਆਮ ਆਦਮੀ ਪਾਰਟੀ ਨੂੰ ਜੁਆਇਨ ਕਰਨ ਦਾ ਮਕਸਦ ਦਿੱਲੀ ਦੇ ਅਰਵਿੰਦ ਕੇਜਰੀਵਾਲ ਜੀ ਦੀ ਗਵਰਨੈਂਸ ਬਹੁਤ ਚੰਗੀ ਹੈ। ਉਨ੍ਹਾਂ ਨੇ ਸਕੂਲਾਂ ਸਬੰਧੀ, ਹੈਲਥ ਸਬੰਧੀ ਬਹੁਤ ਚੰਗੇ ਪ੍ਰਬੰਧ ਕੀਤੇ ਕੀਤੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜੋ ਪੰਜਾਬ 'ਚ ਕਿਸਾਨ ਜਥੇਬੰਦੀਆਂ ਧਰਨੇ ਵਿਚ ਦਿੱਲੀ ਜਾ ਰਹੀਆਂ ਹਨ ਉਨ੍ਹਾਂ ਦਾ ਵੀ ਬਹੁਤ ਵਧੀਆ ਢੰਗ ਨਾਲ ਸਹਿਯੋਗ ਦੇ ਰਹੇ ਹਨ। ਦਿੱਲੀ ਦੇ ਅੰਦਰ ਰੇਹੜੀਆਂ ਵਾਲੇ ਆਟੋ ਵਾਲੇ ਅਤੇ ਗ਼ਰੀਬ ਜਨਤਾ ਲਈ ਜੋ ਉਨ੍ਹਾਂ ਦੇ ਵੈੱਲਫੇਅਰ ਕਰ ਰਹੇ ਕਰ ਰਹੇ ਹਨ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਆਮ ਆਦਮੀ ਪਾਰਟੀ ਨੂੰ ਜੁਆਇਨ ਕੀਤਾ। 2022 ਦੇ ਵਿੱਚ ਜੇਕਰ ਅਸੀਂ ਆਮ ਜਨਤਾ ਦਾ ਫਤਵਾ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਜਾ ਸਕੇ ਤਾਂ ਜੋ ਲੋਕਾਂ ਦਾ ਭਲਾ ਹੋ ਸਕੇ। ਇਸ ਮੌਕੇ ਕੌਂਸਲਰ ਸੁਰਿੰਦਰਪਾਲ, ਸੰਤੋਖ ਸਿੰਘ ਜਸਵਿੰਦਰ ਸਿੰਘ, ਪਾਲ ਸਿੰਘ, ਜਰਨੈਲ ਸਿੰਘ, ਬਲਵਿੰਦਰ ਕੁਮਾਰ, ਰਜਿੰਦਰ ਸਿੰਘ, ਗੁਰਮੀਤ ਸਿੰਘ, ਸਤਨਾਮ ਸਿੰਘ, ਮਨਵੀਰ, ਬੀਰਾ, ਹਰਵਿੰਦਰ ਸਿੰਘ, ਰਾਕੇਸ਼ ਕੁਮਾਰ ਹੈਪੀ, ਭੋਲਾ ਸਿੰਘ, ਰਿੰਮੀ ਕੁੰਦਰਾ ਆਦਿ ਪਤਵੰਤੇ ਸੱਜਣ ਹਾਜ਼ਰ ਸਨ।